ਅਗਸਤ 2001

# ਅੰਮ੍ਰਿਤ ਕੀਰਤਨ

# Amrit Kirtan

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# *Footprints*

*One night I had a dream. I dreamed I was walking along the beach with God and across the sky flashed scenes from my life. For each scene I noticed two sets of footprints in the sand, one belonged to me, the other to God. When the last scene of my life flashed before me, I looked back at the footprints in the sand. I noticed, that many times along the path of life, there was only one set of footprints. I also noticed that it happened at the very lowest and saddest times in my life. This really bothered me and I questioned God about it. "God, you said that once I decided to follow you, you would walk with me all the way, but I noticed that during the most troublesome time in my life there is only one set of footprints. I don't understand why in times when I needed you the most, you would leave me." God replied, "My precious child, I love you and I would never never leave you during your times of trials and suffering. When you see only one set of footprints, it was then that I carried you."*

---

**PAGE SPONSORED BY : AHUJA FAMILY**
C-353, Defence Colony New Delhi 110 024

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 8 • ਸਾਲ ਤੇਰ੍ਹਵਾਂ • ਅਗਸਤ 2001



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ.(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਣ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | ਪਾਠਕਾਂ ਦੇ ਪੱਤਰ |
| ਕਰਉ ਬੇਨੰਤੀਆ | 5 | ਸੰਪਾਦਕੀ |
| ਅਸੀਂ ਦੁੱਖ ਆਪ ਸਹੇੜਦੇ ਹਾਂ | 7 | ਭਗਵੰਤ ਸਿੰਘ ਦਲਾਵਰੀ |
| ਦਸਮ ਗ੍ਰੰਥ ਬਾਰੇ ਮੁਢਲੀ ਜਾਣਕਾਰੀ | 9 | ਗੁਰਮੁਖ ਸਿੰਘ |
| ਪੁਰਾਤਨ ਰਾਗੀ – ਪਾਲਾ ਸਿੰਘ | 12 | ਗੁਰਚਰਨ ਸਿੰਘ |
| ਸਰਬ ਦਇਆ | 15 | ਬਲਵਿੰਦਰ ਸਿੰਘ |
| ਸਾਡੇ ਕੀਰਤਨੀਏ | 19 | ਅਵਤਾਰ ਸਿੰਘ ਹੰਸ |
| ਕੀਰਤਨ ਵਿੱਚ ਤਬਲਾ ਵਾਦਨ | 21 | ਪ੍ਰੋ. ਪਰਮਜੀਤ ਸਿੰਘ |
| ਰੂੰਘਾਂ ਵਾਲੇ ਕਵਾਲ | 23 | ਹਰਭਜਨ ਸਿੰਘ ਬਟਾਲਵੀ |
| ਪੁਸਤਕ ਸਮੀਖਿਆ | 25 | ਡਾ. ਗੁਰਮੀਤ ਸਿੰਘ ਬੈਦਵਾਣ |
| Rabindra Sangeet | 28 | Shri Rathindranath Tagore |
| Next to god-thy parents | 31 | J.L. Gupta |
| ਸੁਰ ਲਿਪੀਆਂ | 34 | ਭਾਈ ਹਰਿੰਦਰ ਪਾਲ ਸਿੰਘ |
| ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ | 35 | ਮਨਮੋਹਨ ਸਿੰਘ |



• ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

• 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

• Donations are eligible for relief u/s 80 G of Income-Tax Act, 1961
vide CIT/ CHD/ 80-G/78/Tech. dated 30/7/1999 valid upto 31/3/2001



ਚੰਦੇ ਦਾ ਵੇਰਵਾ :

• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.

• ਵਿਦੇਸ਼: ਸਲਾਨਾ 30 $, ਜੀਵਨ ਮੈਂਬਰ (15 ਸਾਲ) 300 $

• 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915 e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ.ਸੀ.ਐਫ. 107, ਫੇਜ਼ -7, ਮੋਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ ਜੁਲਾਈ 2001 ਦਾ 'ਅੰਮ੍ਰਿਤ ਕੀਰਤਨ' ਦਾ ਅੰਕ ਪ੍ਰਾਪਤ ਹੋਇਆ, ਰੂਹ ਖ਼ੁਸ਼ ਹੋ ਗਈ। ਹਰ ਅੰਕ ਪੜ੍ਹਨ ਤੋਂ ਪਿੱਛੋਂ ਪਰਤੀਤ ਹੁੰਦਾ ਹੈ ਕਿ ਹੁਣ ਇਹ ਮੈਗਜ਼ੀਨ ਗੁਰਮਤਿ ਸੰਗੀਤ ਦਾ ਵਿਸ਼ੇਸ਼ ਦੂਤ ਹੋ ਕੇ ਵੀ, ਚੜ੍ਹਦੀ ਕਲਾ ਦਾ ਹਰਕਾਰਾ ਬਣ ਗਿਆ ਹੈ। ਦਿੱਖ ਵੀ ਦੇਖਣ ਯੋਗ, ਮੈਟਰ ਵੀ ਪੜ੍ਹਨ ਯੋਗ, ਤੇ ਸਭ ਤੋਂ ਵਧ ਕੇ ਤੁਹਾਡੀ ਸੇਵਾ ਤੇ ਸਮਰਪਣ ਦੀ ਭਾਵਨਾ ਇਸ ਪਰਚੇ ਦੇ ਅੱਖਰ-ਅੱਖਰ ਤੋਂ ਝਲਕਦੀ ਹੈ। 'ਕਰਉ ਬੇਨੰਤੀਆ' ਵਾਲਾ ਪੰਨਾ ਮੇਰਾ ਚਹੇਤਾ ਹੈ। ਆਹੂਜਾ ਪਰਿਵਾਰ ਵਲੋਂ ਉਤਸ਼ਾਹ ਵਧਾਉ ਮੈਟਰ ਛਾਪਣ ਲਈ ਇੱਕ ਪੰਨੇ ਦੀ ਸੇਵਾ (ਦਾਨ) ਸਲਾਹੁਣ ਯੋਗ ਹੈ। ਡਾ. ਹਰਪਾਲ ਸਿੰਘ ਪਨੂੰ ਜੀ ਦਾ ਲੇਖ 'ਜਨਮਸਾਖੀਆਂ ਵਿਚਲੇ ਭਾਈ ਮਰਦਾਨਾ ਜੀ' ਅਦੁੱਤੀ ਰਚਨਾ ਹੈ। ਗੁਰੂ ਜੀ ਤੇ ਮਰਦਾਨੇ ਦੀ ਮਹਿਮਾ ਤਾਂ ਅਕੱਥ ਹੈ ਹੀ, ਸਾਖੀਕਾਰਾਂ ਦੀ ਕਲਾ ਵੀ ਕਮਾਲ ਹੈ, ਫਿਰ ਪਨੂੰ ਜੀ ਦੀ ਪੇਸ਼ਕਾਰੀ ਲਾਜਵਾਬ ਹੈ। ਪਨੂੰ ਜੀ ਨੂੰ ਇੰਨੀ ਕਸ਼ਿਸ਼ ਭਰਪੂਰ ਲਿਖਤ ਲਈ ਮੈਂ ਦਿਲੋਂ ਵਧਾਈ ਦਿੰਦਾ ਹਾਂ। ਇੰਜ ਦਾ ਲਿਖਿਆ ਹੋਵੇ ਤੇ ਪਾਠਕ ਨਾ ਪੜ੍ਹੇ, ਅਸੰਭਵ ਹੈ। ਫਿਰ ਤੁਸੀਂ ਇੰਨਾ ਚੰਗਾ ਛਾਪਣ ਤੇ ਪਾਠਕਾਂ ਤੱਕ ਪਹੁੰਚਾਉਣ ਲਈ ਜੋ ਘਾਲ ਘਾਲਦੇ ਹੋ, ਇਸ ਸੇਵਾ ਦਾ ਮੁੱਲ ਪਾਉਣਾ ਕਠਨ ਹੈ। ਤੁਹਾਡਾ ਲੇਖ 'ਜਹ ਜਹ ਦੇਖਾ ਤਹ ਤਹ ਤੂ ਹੈ' ਤੁਹਾਡੀ ਵਿਦਵਤਾ, ਡੂੰਘੀ ਸੋਚ ਤੇ ਉੱਚੀ ਮੱਤ ਦਾ ਲਖਾਇਕ ਹੈ। ਤੁਹਾਡੇ ਜਿਹਾ ਕੰਮ ਹੋਰ ਕੀਹਨੇ ਕਰ ਸਕਣਾ ਹੈ। ਹਾਰਦਿਕ ਸ਼ੁਭ-ਕਾਮਨਾਵਾਂ।

– *ਡਾ. ਕਰਨੈਲ ਸਿੰਘ ਸੋਮਲ,* ਕੋਠੀ ਨੰ: 337, ਫੇਜ਼: 6, ਮੋਹਾਲੀ, ਜ਼ਿਲ੍ਹਾ ਰੋਪੜ

★ ਇਹ ਵਿਸ਼ੇਸ਼ ਅੰਕ ਪ੍ਰੋ. ਚਤਰ ਸਿੰਘ ਜੀ ਬਾਰੇ ਕੁਝ ਕਿ ਬੜਾ ਹੀ ਸੋਹਣਾ ਉਪਰਾਲਾ ਕੀਤਾ ਹੈ। ਪ੍ਰੋਫੈਸਰ ਸਾਹਿਬ ਦੀ ਜੀਵਨੀ ਤੇ ਉਹਨਾਂ ਦੀਆਂ ਉਪਲਬਧੀਆਂ ਬਾਰੇ ਇਨੀ ਵਿਸ਼ਾਲ ਜਾਣਕਾਰੀ ਦੇ ਕੇ ਸਾਡੇ ਵਿਰਸੇ ਦੇ ਮਹਾਨ ਕੀਰਤਨੀਏ ਜੀ ਨਾਲ ਸਾਂਝ ਕਰਵਾਈ ਹੈ। ਇਹ ਲਫਜ਼ਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਪ੍ਰੋ. ਚਤਰ ਸਿੰਘ ਜੀ ਨੂੰ ਬੜੀ ਹੀ ਸੁੰਦਰ ਤੇ ਪ੍ਰਭਾਵਸ਼ਾਲੀ ਸ਼ਰਧਾਂਜਲੀ ਹੈ। ਜਿਸ ਲਈ ਆਪ ਜੀ ਤੇ ਆਪ ਜੀ ਦੇ ਸਹਿਯੋਗੀ ਧੰਨਤਾ ਯੋਗ ਹਨ। ਵਾਹਿਗੁਰੂ ਆਪ ਜੀ ਨੂੰ ਚੜ੍ਹਦੀਆਂ ਕਲਾਂ ਵਿੱਚ ਰੱਖਣ ਤੇ ਆਪ ਸਦਾ ਇਸ ਤਰਾਂ ਸਾਨੂੰ ਖਾਸ ਕਰ ਕਿ ਨੌਜਵਾਨ ਪੀੜੀ ਨੂੰ ਸਾਡੇ ਮਹਾਨ ਵਿਰਸੇ ਦੀ ਜਾਣਕਾਰੀ ਦਿੰਦੇ ਰਹੋ। ਇਸ ਅੰਕ ਵਿੱਚ ਪ੍ਰੋ. ਜਬਰਜੰਗ ਸਿੰਘ ਜੀ ਤੇ ਡਾ. ਜਸਬੀਰ ਕੌਰ ਜੀ ਨੇ (ਪੰਨਾ 15 ਤੇ ਪੰਨਾ 18) ਦੱਸਿਆ ਹੈ ਕਿ "ਪ੍ਰੋ. ਚਤਰ ਸਿੰਘ ਜੀ ਆਸਾ ਜੀ ਦੀ ਵਾਰ ਦਾ ਕੀਰਤਨ ਨਿਰਧਾਰਤ ਟੁੰਡੇ ਦੀ ਧੁਨੀ ਵਿਸ਼ੇਸ਼ ਮੁਹਾਰਤ ਨਾਲ ਗਾਇਨ ਕਰਦੇ ਸਨ" ਇਸ ਬਾਰੇ ਕੁਝ ਹੋਰ ਜਾਣਕਾਰੀ ਦੇਣੀ ਜੀ।

ਇਹ ਇੱਕ ਬੜੀ ਖੁਸ਼ੀ ਦੀ ਗਲ ਹੈ ਕਿ ਆਪ ਜੀ ਨੇ 'ਅੰਮ੍ਰਿਤ ਕੀਰਤਨ' ਵਿੱਚ ਕੁਝ ਪੰਨੇ ਅੰਗਰੇਜ਼ੀ ਵਿੱਚ ਛਾਪਣੇ ਸ਼ੁਰੂ ਕਰ ਦਿੱਤੇ ਹਨ ਜਿਵੇਂ ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ ਅੰਗਰੇਜ਼ੀ ਵਿੱਚ ਛਾਪੇ ਹਨ। ਇਹ ਹੋਰ ਵੀ ਚੰਗਾ ਹੋਵੇਗਾ ਜੇ ਸ਼ਬਦ ਦੀਆਂ ਤੁਕਾਂ ਨਾਲ ਨਾਲ ਰੋਮਨ ਵਿੱਚ ਵੀ ਦਿੱਤਾ ਜਾਵੇ। ਇਸ ਤਰ੍ਹਾਂ ਪੜ੍ਹਨ ਵਾਲੇ ਨੂੰ ਸ਼ਬਦ ਦੀਆਂ ਤੁਕਾਂ ਦਾ ਗਿਆਨ ਵੀ ਹੋ ਜਾਵੇਗਾ ਤੇ ਸ਼ਬਦਾਂ ਨੂੰ ਕੰਠ ਕਰਨਾਂ ਵੀ ਆਸਾਨ ਹੋ ਜਾਵੇਗਾ। ਜੇਕਰ ਇਸ ਵਿੱਚ ਮੈਂ ਕੋਈ ਸੇਵਾ ਕਰ ਸਕਾਂ ਤਾਂ ਮੈਨੂੰ ਬੜੀ ਖੁਸ਼ੀ ਹੋਵੇਗੀ। ਆਪ ਜੀ ਜੋ ਥਾਟ ਆਫ ਦਾ ਮੰਥ (with best compliments from a wellwisher) ਦੇਂਦੇ ਹੋ ਬੜਾ ਹੀ ਸੁੰਦਰ ਤੇ ਸੂਝ ਭਰਿਆ ਹੁੰਦਾ ਹੈ। ਇਹ ਸਭ ਵਨਗੀਆਂ, ਰੰਗ ਬਰੰਗੇ ਸੁਗੰਧੀਆਂ ਭਰੇ ਫੁਲ ਇਕੱਠੇ ਕਰ ਕੇ ਇਹ ਗੁਲਦਸਤਾ 'ਅੰਮ੍ਰਿਤ ਕੀਰਤਨ' ਤਿਆਰ ਕੀਤਾ ਜਾਂਦਾ ਹੈ।

ਪਿਛਲੇ ਅੰਕ ਵਿੱਚ ਮਹਾਂ ਕਵੀ ਰਵਿੰਦਰ ਨਾਥ ਟੈਗੋਰ ਜੀ ਦੀ ਪੁਸਤਕ 'ਤ੍ਰਿਬੈਣੀ' ਦਾ ਰੀਵਿਉ ਕੀਤਾ ਹੈ। ਬਹੁਤ ਹੀ ਸੁੰਦਰ ਹੈ। ਉਹਨਾਂ ਦੀ ਲੇਖਣੀ ਵਿੱਚ ਬਹੁਤ ਡੂੰਘੀ ਕਲਪਣਾ ਹੈ। ਇਹ ਠੀਕ ਹੈ ਕਿ ਉਹਨਾਂ ਦੀ ਲੇਖਣੀ ਦੇ ਟ੍ਰਾਂਸਲੇਸ਼ਨ ਉਹ ਪ੍ਰਭਾਵ ਨਹੀਂ ਦੇ ਸਕਦੇ ਜੋ ਉਹਨਾਂ ਦੀ ਬੰਗਲਾ ਵਿੱਚ ਹੈ। ਆਪਣੀ ਮਾਤਰ ਭਾਸ਼ਾ ਵਿੱਚ ਜੋ ਕਿਹਾ ਜਾ ਸਕਦਾ ਹੈ, ਉਸ ਵਿੱਚ ਬੜਾ ਪ੍ਰਭਾਵ ਹੁੰਦਾ ਹੈ। ਇਸ ਬਾਰੇ ਪੰਜਾਬੀ ਦੇ ਕਵੀ, ਕਹਾਣੀਕਾਰ ਤੇ ਖੋਜੀ, ਪੰਜਾਬ ਦੇ 'ਲੋਕ ਗੀਤਾਂ' ਦੇ ਖੋਜੀ ਪ੍ਰੇਮੀ ਸ੍ਰੀ ਦਵਿੰਦਰ ਸਤਿਆਰਥੀ ਜਿਹਨਾਂ ਨਾਲ ਮੇਰਾ ਕਾਫੀ ਸੰਬੰਧ ਰਿਹਾ, ਉਹਨਾਂ ਦੱਸਿਆ

ਕਿ ਉਹਨਾਂ ਇੱਕ ਵਾਰੀ ਆਪਣੀਆਂ ਹਿੰਦੀ ਵਿੱਚ ਲਿਖੀਆਂ ਕੁਝ ਕਾਵਿ ਰਚਨਾਵਾਂ ਟੈਗੋਰ ਜੀ ਨੂੰ ਉਹਨਾਂ ਦੀ ਰਾਏ ਲੈਣ ਲਈ ਭੇਜੀਆਂ। ਉਹਨਾਂ ਉੱਤਰ ਲਿਖਿਆ ਕਿ ਜੋ ਆਪ ਨੇ ਲਿਖਿਆ ਹੈ ਠੀਕ ਹੈ। ਆਪ ਜੋ ਵੀ ਰਚਨਾ ਆਪਣੀ ਮਾਤਰ ਭਾਸ਼ਾ ਵਿੱਚ ਕਰੋਗੇ ਉਸ ਵਿੱਚ ਆਪ ਜੋ ਕਹਿਣਾਂ ਚਾਹੁੰਦੇ ਹੋ ਉਹ ਚੰਗੀ ਤਰ੍ਹਾਂ ਦਸ ਸਕਦੇ ਹੋ ਪੜ੍ਹਨ ਵਾਲੇ ਨੂੰ। ਸੋ ਆਪ ਆਪਣੀ ਮਾਤਰ ਭਾਸ਼ਾ ਵਿੱਚ ਲਿਖੋ। ਜਿਸ ਨਾਲ ਆਪ ਬਹੁਤ ਤਰੱਕੀ ਕਰੋਗੇ।

ਮੈਨੂੰ ਉਹਨਾਂ ਦੀ ਇੱਕ ਛੋਟੀ ਜਿਹੀ ਕਵਿਤਾ ਯਾਦ ਆਈ ਹੈ। ਜੋ ਕਿ ਮੈਂ ਉਸ ਦਾ ਅੰਗਰੇਜ਼ੀ ਤਰਜਮਾਂ ਪੜ੍ਹਿਆ ਸੀ। ਇਵੇਂ ਹੈ:

"ਇੱਕ ਛੋਟੇ ਜਿਹੇ ਦੀਵੇ ਨੇ ਜਿਸ ਵਿੱਚੋਂ ਛੋਟੀ ਜਿਹੀ ਜੋਤ ਜਲ ਰਹੀ ਸੀ। ਆਪਣਾ ਸਿਰ ਉਤਾਂਹ ਚੁੱਕ ਕੇ ਸੂਰਜ ਨੂੰ ਕਿਹਾ- ਤੂੰ ਚਿੰਤਾ ਨਾ ਕਰ ਉਦਾਸ ਨਾ ਹੋ। ਤੇਰੇ ਜਾਣ ਬਾਅਦ ਮੈਂ ਪੂਰੀ ਕੋਸ਼ਿਸ਼ ਕਰਾਂਗਾ ਕਿ ਤੇਰੇ ਘਾਟੇ ਦੀ ਕੁਝ ਭਰਪਾਈ ਕਰ ਸਕਾਂ।"

– *ਨ੍ਰਿੰਦਰ ਪਾਲ ਸਿੰਘ,* KG-1/21 Vikas Puri. New Delhi 110 018

★ ਬੇਨਤੀ ਹੈ ਕਿ ਮੈ ਖਾਲਸਾ ਕਾਲਜ, ਪਟਿਆਲਾ ਵਿਖੇ B.A. IInd ਦਾ ਵਿਦਿਆਰਥੀ ਹਾਂ ਅਤੇ ਗੁਰਮਤਿ ਸੰਗੀਤ ਦਾ ਵਿਦਿਆਰਥੀ ਹਾਂ। ਮੈਂ ਆਪ ਦੁਆਰਾ ਪ੍ਰਕਾਸ਼ਿਤ ਮੈਗਜ਼ੀਨ 'ਅੰਮ੍ਰਿਤ ਕੀਰਤਨ' ਨੂੰ ਪਿਛਲੇ ਕੁਝ ਸਾਲਾਂ ਤੋਂ ਪੜ੍ਹ ਕੇ ਗੁਰਮਤਿ ਸੰਗੀਤ ਸੰਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰ ਰਿਹਾ ਹਾਂ। ਡਾਕਟਰ ਕੰਵਲਜੀਤ ਸਿੰਘ (ਮੁੱਖੀ ਸੰਗੀਤ ਵਿਭਾਗ ਖਾਲਸਾ ਕਾਲਜ, ਪਟਿਆਲਾ) ਵੀ ਮੈਨੂੰ ਸੰਗੀਤ ਪ੍ਰਤੀ ਉਤਸਾਹਿਤ ਕਰਦੇ ਰਹਿੰਦੇ ਹਨ। ਮੈਂ ਉਹਨਾਂ ਤੋਂ ਪੁੱਛਿਆ ਕਿ ਮੇਰੀ ਵੀ ਕੋਈ ਰਚਨਾ 'ਅੰਮ੍ਰਿਤ ਕੀਰਤਨ' ਵਿੱਚ ਪ੍ਰਕਾਸ਼ਿਤ ਹੋ ਸਕਦੀ ਹੈ? ਤਾਂ ਉਹਨਾਂ ਨੇ ਮੇਰਾ ਹੌਸਲਾ ਵਧਾਉਂਦੇ ਹੋਏ ਮੈਨੂੰ ਦੱਸਿਆ ਕਿ ਡਾਕਟਰ ਜਾਗੀਰ ਸਿੰਘ ਬੜੇ ਸੁਹਿਰਦ ਹਨ ਅਤੇ ਨੌਜਵਾਨਾਂ ਨੂੰ ਇਨ੍ਹਾਂ ਕੰਮਾਂ ਲਈ ਉਤਸ਼ਾਹਿਤ ਕਰਦੇ ਹਨ।

ਸੋ ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਮੇਰੀ ਰਚਨਾ ਨੂੰ ਵੀ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵਿੱਚ ਸ਼ਾਮਿਲ ਕੀਤਾ ਜਾਵੇ। ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਗਾ।

**ਖ਼ਾਲਸਾ**

**ਖ਼ਾਲਸ ਜੋ ਹੁੰਦਾ ਹੈ, ਕਹਾਉਂਦਾ ਹੈ ਖ਼ਾਲਸਾ।**
**ਸੱਚ ਜਿਸ ਕੋਲ ਹੁੰਦਾ ਹੈ, ਕਹਾਉਂਦਾ ਹੈ ਖ਼ਾਲਸਾ।**
**ਇਕੱਲਾ ਸਵਾ ਲੱਖ ਨਾਲ ਲੜ ਆਉਂਦਾ ਹੈ ਖ਼ਾਲਸਾ।**
**ਅਕਾਲ ਪੁਰਖ ਦੀ ਫ਼ੌਜ ਕਹਾਉਂਦਾ ਹੈ ਖ਼ਾਲਸਾ।**

ਚਿੜੀਆਂ ਨਾਲ ਬਾਜ ਲੜਾਉਂਦਾ ਹੈ ਖ਼ਾਲਸਾ।
ਗਿੱਦੜਾਂ ਤੋਂ ਸ਼ੇਰ ਬਣਾਉਂਦਾ ਹੈ ਖ਼ਾਲਸਾ।
ਸ਼ਹੀਦੀਆਂ ਪਾਉਣ ਤੋਂ ਨਾ ਘਬਰਾਉਂਦਾ ਹੈ ਖ਼ਾਲਸਾ।
ਅਕਾਲ ਪੁਰਖ ਦੀ ਫ਼ੌਜ ਕਹਾਉਂਦਾ ਹੈ ਖ਼ਾਲਸਾ।

ਪੰਜੇ ਵਿਕਾਰਾਂ ਤੋਂ ਪਿੱਛਾ ਛਡਾਉਂਦਾ ਹੈ ਖ਼ਾਲਸਾ।
ਪੰਜੇ ਬਾਣੀਆਂ ਨਾਲ ਚਿੱਤ ਲਗਾਉਂਦਾ ਹੈ ਖ਼ਾਲਸਾ।
ਪੰਜੇ ਕਕਾਰਾਂ ਨੂੰ ਸਰੀਰ ਤੇ ਸਜਾਉਂਦਾ ਹੈ ਖ਼ਾਲਸਾ।
ਅਕਾਲ ਪੁਰਖ ਦੀ ਫੌਜ ਕਹਾਉਂਦਾ ਹੈ ਖ਼ਾਲਸਾ।

ਦੱਸਾਂ ਨਹੁੰਆਂ ਦੀ ਕਿਰਤ ਕਰ ਖਾਉਂਦਾ ਹੈ ਖ਼ਾਲਸਾ।
ਦੱਸ ਗੁਰੂਆਂ ਦੀ ਜੋਤ ਨੂੰ ਸਲ੍ਹਾਉਂਦਾ ਹੈ ਖ਼ਾਲਸਾ।
ਵਾਹਿਗੁਰੂ ਗੁਰੂ ਮੰਤ੍ਰ ਨੂੰ ਦ੍ਰਿੜਾਉਂਦਾ ਹੈ ਖ਼ਾਲਸਾ।
ਅਕਾਲ ਪੁਰਖ ਦੀ ਫੌਜ ਕਹਾਉਂਦਾ ਹੈ ਖ਼ਾਲਸਾ।

ਨਹੀਂ ਜ਼ਬਰ ਕਿਸੇ ਦਾ ਸਹਿੰਦਾ ਹੈ ਖ਼ਾਲਸਾ।
ਨਹੀਂ ਜ਼ੁਲਮ ਕਿਸੇ ਦਾ ਸਹਿੰਦਾ ਹੈ ਖ਼ਾਲਸਾ।

ਨਹੀਂ ਅਤਿਆਚਾਰ ਧਰਮ ਤੇ ਸਹਿੰਦਾ ਹੈ ਖ਼ਾਲਸਾ।
ਅਕਾਲ ਪੁਰਖ ਦੀ ਫੌਜ ਕਹਾਉਂਦਾ ਹੈ ਖ਼ਾਲਸਾ।

- ***ਪ੍ਰਭਕਿਰਨ ਸਿੰਘ,*** ਮਕਾਨ ਨੰ: 123 ਸੀ, ਰਤਨ ਨਗਰ, ਤ੍ਰਿਪੜੀ ਟਾਊਨ, ਪਟਿਆਲਾ

★ 'ਅੰਮ੍ਰਿਤ ਕੀਰਤਨ' ਮਈ ਅੰਕ ਨੂੰ ਪ੍ਰੋ. ਚਤਰ ਸਿੰਘ ਵਿਸ਼ੇਸ਼ ਅੰਕ ਬਣਾ ਕੇ ਪਰੋਸਿਆ ਗਿਆ ਹੈ। ਇਸ ਅੰਕ ਵਿੱਚ ਸੰਪਾਦਕੀ 'ਕਰਉ ਬੇਨੰਤੀਆ' ਰਾਹੀਂ ਮੁਢਲੀ ਜਾਣਕਾਰੀ ਦੇ ਕੇ ਇਸ ਲਾਸਾਨੀ ਕੀਰਤਨੀਏ ਬਾਰੇ ਜਗਜੀਤ ਸਿੰਘ ਦਰਦੀ, ਪ੍ਰੋ. ਜਬਰਜੰਗ ਸਿੰਘ ਤੇ ਡਾ. ਜਸਬੀਰ ਕੌਰ ਦੇ ਤਿੰਨ ਵੱਖ-ਵੱਖ ਲੇਖਾਂ ਰਾਹੀਂ ਪਤ੍ਰਿਕਾ ਦੇ 11 ਪੰਨੇ ਪੂਰੇ ਜਾਂ ਆਂਸ਼ਿਕ ਭਰੇ ਗਏ ਹਨ। ਵਿਸ਼ੇਸ਼ ਅੰਕ ਤੋਂ ਉਮੀਦੀ ਜਾਣ ਵਾਲੀ ਵਿਸ਼ੇਸ਼ ਜਾਣਕਾਰੀ ਦਾ ਬਹੁਤਾ ਦੁਹਰਾਣ ਤੇ ਤਿਹਰਵ ਹੋਇਆ ਹੈ। ਜੋ ਤੱਥਾਂ ਨੂੰ ਭਾਵੇਂ ਪੁਨਰ ਪ੍ਰਮਾਣਿਤ ਜਾਂ ਸਥਾਪਿਤ ਕਰਨ ਲਈ ਸਟੀਕ ਹੋ ਸਕਦਾ ਹੈ ਪਰ ਇਸ ਅੰਕ ਦੀ ਸੰਗ੍ਰਹਿਣੀਅਤਾ ਨੂੰ ਦੁਰਬਲ ਕਰ ਗਿਆ ਹੈ। ਅਜਿਹੇ ਕੀਰਤਨੀਏ ਦੀ ਸ਼੍ਰੇਸ਼ਟਤਾ ਸਿੱਧ ਕਰਨ ਲਈ ਜਗਜੀਤ ਸਿੰਘ ਦਰਦੀ ਨੇ ਗੁਰਦਵਾਰਿਆਂ ਵਲੋਂ ਜਾਰੀ ਪ੍ਰਮਾਣ ਪੱਤਰਾਂ ਦੇ ਉਲੇਖ ਨਾਲ ਲਿਖਤ ਨੂੰ ਪਰੀਪੂਰਨ ਕਰਨ ਦੀ ਬਜਾਏ ਅਜਿਹੇ ਸਰਟੀਫਿਕੇਟਾਂ ਦੇ ਅੰਸ਼ ਦੇ ਕੇ ਕਾਗਜ਼ੀ ਖਾਨਾ ਪੂਰਤੀ ਦਾ ਨਿਰਬਲ ਪੱਖ ਵਰਤਿਆ ਹੈ। ਸਨਮਾਨ ਪੱਤਰਾਂ ਲਈ ਚਾਰ ਹੋਰ ਪੰਨੇ ਵਰਤ ਕੇ ਅੰਕ ਦੀ ਸਾਰਥਕਤਾ ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਗਿਆ ਹੈ।

ਪ੍ਰੋ. ਚਤਰ ਸਿੰਘ ਦੇ ਸਪੁੱਤਰ ਪਾਸੋਂ ਪਰੀਵਾਰਕ ਜੀਵਨੀ ਬਾਰੇ ਗਿਆਨ ਬਰਖਾ ਦੀ ਵਧੇਰੇ ਉਮੀਦ ਕੀਤੀ ਜਾ ਸਕਦੀ ਸੀ। ਇਸ ਇਤਿਹਾਸ ਪੁਰਸ਼ ਦੀ ਜੀਵਨੀ ਮੰਗ ਕਰਦੀ ਸੀ ਜੀਵਨ ਕਾਲ ਦੇ ਕੁਝ ਉਪਲਬਧ ਫੋਟੋ ਵੀ ਦਿੱਤੇ ਜਾਂਦੇ। ਇਸ ਕੀਰਤਨੀਏ ਦੇ ਜੀਵਨ ਦੇ ਉਤਰਾਵ ਚੜਾਅ ਵਿੱਚ ਆਰਥਿਕ ਲੋੜਾਂ-ਥੋੜਾਂ ਦੇ ਅਨੁਭਵ ਦਸ ਕੇ ਗੁਰੂ ਕੇ ਗਵੈਯੇ ਪੁਰਖਾਂ ਦੇ ਪ੍ਰਤੀ ਗੈਰ ਜਿਮੇਦਾਰਾਨਾ ਤੇ ਅਵੇਸਲੇਪਨ ਦੀ ਹਕੀਕਤ ਜਗ ਜਾਹਿਰ ਕੀਤੀ ਜਾ ਸਕਦੀ ਸੀ। ਅਜਿਹੇ ਵਿਸ਼ੇਸ਼ ਅੰਕਾਂ ਲਈ ਵਿਸ਼ੇਸ਼ ਰੂਪ ਵਿੱਚ ਮੰਗਵਾਏ ਲੇਖਾਂ ਵਿੱਚ ਵੱਖ-ਵੱਖ ਪੱਖਾਂ ਦੀ ਜਾਣਕਾਰੀ ਹੀ ਅਜਿਹੇ ਅੰਕ ਦੀ ਸਫਲਤਾ ਤੇ ਸਾਰਥਕਤਾ ਵਿੱਚ ਸਹਾਈ ਹੋ ਸਕਦੀ ਹੈ। 'ਅੰਮ੍ਰਿਤ ਕੀਰਤਨ' ਨਾਲ ਹਾਰਦਿਕ ਲਗਾਵ ਹੋਣ ਕਾਰਣ ਇਸ ਅੰਕ ਦੀ ਆਲੋਚਨਾ ਲਈ ਖਿਮਾ ਪ੍ਰਾਰਥਨਾ ਮੰਗ ਕੇ ਵੀ ਸੰਕੋਚ ਨਹੀਂ।

'ਅੰਮ੍ਰਿਤ ਕੀਰਤਨ' ਦਾ ਜੂਨ 2001 ਅੰਕ ਇੱਕ ਨਵੀਂ ਸ਼ਖ਼ਸੀਅਤ ਨਾਲ ਪਰਿਚਿਤ ਕਰਾਣ ਦਾ ਕਾਰਨ ਬਣ ਗਿਆ ਹੈ। ਇੱਕ ਅਜੀਬ ਹੋਣੀ ਹੋਰ ਹੋਈ ਹੈ ਕਿ 'ਇਕ ਮਹਿਕ ਦਾ ਸਫਰਨਾਮਾ' ਵਾਲਾ ਮੁਖ ਪੰਨਾ 'ਅੰਮ੍ਰਿਤ ਕੀਰਤਨ' ਦੇ ਮੋਨੋਗ੍ਰਾਮ ਹੇਠ ਜੁਲਾਈ 2001 ਦੀ ਸੂਚਨਾ ਦੇ ਰਿਹਾ ਹੈ। ਅੰਦਰਲੇ ਪੰਨੇ ਤੇ ਤਸਦੀਕ ਕੀਤਾ ਕਿ ਕਿਤੇ ਦੋ ਮਹੀਨਿਆਂ ਦਾ ਇਕੱਠਾ ਅੰਕ ਛਾਪਣ ਦੀ ਮਜ਼ਬੂਰੀ ਤਾਂ ਨਹੀਂ ਹੋ ਗਈ? ਇੰਝ ਲਗਦਾ ਹੈ ਜੁਲਾਈ ਲਈ ਰੱਖੀ ਇਸ ਅੰਕ ਦੀ ਸਮੱਗਰੀ ਜੂਨ ਅੰਕ ਵਿੱਚ ਪਰੋਸੀ ਗਈ ਹੈ। ਸਪਸ਼ਟੀਕਰਣ ਤਾਂ ਡਾਕਟਰ ਸਾਹਿਬ ਜਾਗੀਰ ਸਿੰਘ ਜੀ ਹੀ ਦੇ ਸਕਦੇ ਹਨ।

ਸ੍ਰ. ਗੁਰਚਰਨ ਸਿੰਘ ਟੋਹੜਾ ਦਾ ਸੰਦੇਸ਼ ਅਕਤੂਬਰ 31, 1984 ਨੂੰ ਪ੍ਰਾਪਤ ਕਰਕੇ ਜੂਨ 2001 ਵਿੱਚ ਪ੍ਰਕਾਸ਼ਿਤ ਕਰਨ ਨਾਲ ਕਈ ਉਲਝਨਾਂ ਪ੍ਰਤੱਖ ਹੁੰਦੀਆਂ ਹਨ। ਕੀ ਪਠਕ ਸਮਝ ਲੈਣ ਕਿ ਇਹ ਅੰਕ 1984 ਅਖੀਰ ਵਿੱਚ ਇੱਕ ਵਾਰੀ ਛਪ ਚੁਕਿਆ ਹੈ? ਗਿਆਨੀ ਸੰਤ ਸਿੰਘ ਭਟਪੁਰੀ ਦੇ ਸਪੁੱਤਰ ਡਾ. ਜਸਬੀਰ ਸਿੰਘ ਸਰਨਾ ਦੇ ਵਿਸ਼ੇਸ਼ ਸੰਪਾਦਕੀ ਨੇ ਵੀ ਟੋਹੜਾ ਜੀ ਤੋਂ ਨਵਾਂ ਸੰਦੇਸ਼ ਪ੍ਰਾਪਤ ਕਰਨ ਦੀ ਕੀਤੀ ਕਿਸੇ ਕੋਸ਼ਿਸ਼ ਦਾ ਜ਼ਿਕਰ ਨਹੀਂ ਕੀਤਾ। ਯਾਦਗਾਰੀ ਅੰਕ ਤਾਂ ਦਹਾਕਿਆਂ ਤੇ ਸਦੀਆਂ ਬਾਦ ਵੀ ਛਪਦੇ ਹਨ ਪਰ ਸੰਦੇਸ਼ ਤਤਕਾਲੀਨ ਹੀ ਹੋਣੇ ਚਾਹੀਦੇ ਹਨ। ਜਾਂ ਅੰਕ ਛਪਾਈ ਦੀ ਦੇਰੀ ਕਾਰਨ ਇਸ ਸੰਦੇਸ਼ ਨੂੰ ਤੀਜੇ ਜੁਮਰੇ 'ਕਲਮਾਂ ਦੀ ਖੁਸ਼ਬੂ' ਵਿੱਚ ਰੱਖਿਆ ਜਾਂਦਾ। ਦੇਰ ਆਇਦ ਦਰੁਸਤ ਆਇਦ।

ਗਿਆਨੀ ਸੰਤ ਸਿੰਘ ਭਟਪੁਰੀ ਬਾਰੇ ਪੜ੍ਹਕੇ ਨਿਜੀ ਗਿਆਨ ਵਿੱਚ ਨਵਾਂ ਵਾਧਾ ਹੋਇਆ ਤੇ ਵਾਦੀਏ ਕਸ਼ਮੀਰ ਦੇ ਇੱਕ ਪੰਥਕ ਸੇਵਕ ਦੀ ਯਾਦਗਾਰੀ ਲਿਖਤਾਂ ਰਾਹੀਂ ਕਈ ਹੋਰ ਸਤਿਸੰਗੀਆਂ ਦੀ ਪੰਥਕ ਸੇਵਾ ਦੀ ਜਾਣਕਾਰੀ ਮਿਲੀ। ਇੱਕ ਸਪੂਤ ਨੇ ਆਪਣੇ ਪਿਤਾ ਦੀ ਘਾਲਣਾ ਦੀ ਖੁਸ਼ਬੂ ਨਾਲ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਨੂੰ ਸਰਾਬੋਰ ਕੀਤਾ ਹੈ- ਸਾਧੂਵਾਦ। ਚੰਗਾ ਹੁੰਦਾ ਉਨ੍ਹਾਂ ਦੇ ਹੋਰ ਭੈਣ ਭਰਾਂ ਵੀ ਇੱਕ-ਇੱਕ ਅੱਧਾ ਪੰਨਾ ਆਪਣੇ ਜਜਬਾਤਾਂ ਨੂੰ ਡਾਢਾ ਸਲ੍ਹ ਜੁਦਾਈ ਦਾ ਲਾ ਗਿਉਂ ਨਾਲ ਸਾਂਝਾ ਕਰਦੇ। ਭਟਪੁਰੀ ਸਾਹਿਬ ਨੇ ਕੁਝ ਪ੍ਰਸੰਗ ਕਲਮ ਬੱਧ ਕੀਤੇ ਹੋਣ ਤਾਂ ਉਨ੍ਹਾਂ ਨਾਲ ਪਾਠਕਾਂ ਦੀ ਸਾਂਝ ਪੁਆਣ ਦਾ ਜਤਨ ਕਰਨਾ ਜੀ।

- ***ਕਰਤਾਰ ਸਿੰਘ ਨੀਲਧਾਰੀ,*** 162-ਏ, ਗਰੇਨ ਮਾਰਕੀਟ ਚੰਡੀਗੜ੍ਹ

# ਕਰਉ ਬੇਨੰਤੀਆ

## ਜ਼ਰੂਰੀ ਕੰਮ

ਅਜਕਲ੍ਹ ਪ੍ਰਬੰਧਕੀ ਕੰਮ ਕਾਜ ਕਰਨ ਦੇ ਬਹੁਤ ਸਾਰੇ ਕੋਰਸ ਅਤੇ ਪੁਸਤਕਾਂ ਹੋਂਦ ਵਿੱਚ ਆ ਗਈਆਂ ਹਨ। ਇਹਨਾਂ ਕੋਰਸਾਂ ਅਤੇ ਪੁਸਤਕਾਂ ਵਿੱਚ ਆਪਣੇ ਕੰਮ ਕਾਜ ਨੂੰ ਘਟ ਤੋਂ ਘਟ ਸਮੇਂ ਵਿੱਚ ਵਧੀਆ ਤਰੀਕੇ ਨਾਲ ਨਿਪਟਾਉਣ ਦੇ ਗੁਰ ਦੱਸੇ ਹੁੰਦੇ ਹਨ। ਉਹਨਾਂ ਵਿੱਚ ਮੁੱਖ ਤੌਰ ਤੇ ਦੱਸਿਆ ਹੁੰਦਾ ਹੈ ਕਿ ਆਪਣੇ ਕੰਮ ਦੀ ਅਹਿਮੀਅਤ ਅਨੁਸਾਰ ਇੱਕ ਲਿਸਟ ਬਣਾਓ ਅਤੇ ਫਿਰ ਉਹਨਾਂ ਕੰਮਾਂ-ਕਾਰਾਂ ਨੂੰ ਪਹਿਲ ਦੇ ਅਧਾਰ ਤੇ ਨਿਪਟਾਉਂਦੇ ਜਾਓ।

ਇਸ ਚੱਕਰ ਵਿੱਚ ਅਸੀਂ ਕੇਵਲ ਆਪਣੇ ਦਫਤਰੀ ਜਾਂ ਵਪਾਰਕ ਖੇਤਰ ਵਿੱਚ ਹੀ ਸਫਲਤਾ ਪ੍ਰਾਪਤ ਕਰਦੇ ਹਾਂ ਤੇ ਸਾਡੀ ਪਰਿਵਾਰਕ ਜ਼ਿੰਦਗੀ ਸਖਣੀ ਹੋ ਕੇ ਰਹਿ ਜਾਂਦੀ ਹੈ। ਅਮਰੀਕਾ ਜਿਹੇ ਵਿਕਸਿਤ ਦੇਸ਼ ਵਿੱਚ ਹੁਣ ਪਰਿਵਾਰਕ ਜ਼ਿੰਦਗੀ ਨੂੰ ਅਹਿਮੀਅਤ ਦਿੱਤੀ ਜਾਣ ਲੱਗ ਪਈ ਹੈ। ਉੱਥੇ ਅਜਕਲ੍ਹ The 7 Habits of Highly Effective People -ਪੁਸਤਕ ਦਾ ਬਹੁਤ ਬੋਲਬਾਲਾ ਹੈ। ਇਸ ਦੇ ਲੇਖਕ Stephen R. Covey ਨੇ ਪ੍ਰਬੰਧਕੀ ਕਲਾ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਆਪਣੀ ਪਰਿਵਾਰਕ ਜ਼ਿੰਦਗੀ ਦੇ ਕੰਮਾਂਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਵੀ ਦਫਤਰੀ ਜਾਂ ਵਪਾਰਕ ਕੰਮਾਂ-ਕਾਰਾਂ ਵਾਂਗ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਬਹੁਤੀਆਂ ਗੱਲਾਂ ਤਾਂ ਪੁਸਤਕ ਪੜ੍ਹਨ ਨਾਲ ਹੀ ਸਮਝ ਆਉਂਦੀਆਂ ਹਨ ਪਰ ਇੱਕ ਦੋ ਮਿਸਾਲਾਂ ਮੈਨੂੰ ਬਹੁਤ ਟੁੰਬਦੀਆਂ ਹਨ:

ਇੱਕ ਬਹੁਤ ਵੱਡਾ ਅਫਸਰ ਆਪਣੀ ਵੱਡੀ ਸਾਰੀ ਡਾਇਰੀ ਵਿੱਚ ਆਪਣੀ ਅਗਲੇ ਦਿਨ ਦੀ ਸਮਾਂ ਸੂਚੀ ਬਣਾ ਰਿਹਾ ਸੀ। ਉਸ ਦੀ ਬੱਚੀ ਆ ਕੇ ਪੁੱਛਦੀ ਹੈ।

- ਪਾਪਾ, ਕੀ ਕਰ ਰਹੇ ਹੋ?
- ਬੇਟਾ, ਮੈਂ ਬਹੁਤ ਜ਼ਰੂਰੀ ਕੰਮ ਕਰ ਰਿਹਾ ਹਾਂ।
- ਪਾਪਾ, ਇਹ ਕੀ ਲਿਖ ਰਹੇ ਹੋ?
- ਬੇਟਾ, ਇਸ ਡਾਇਰੀ ਵਿੱਚ ਮੈਂ ਲਿਖ ਰਿਹਾ ਹਾਂ ਕਿ ਕਲ੍ਹ ਕਿਨ੍ਹਾਂ ਕਿਨ੍ਹਾਂ ਨੂੰ ਮਿਲਣਾ ਹੈ।
- ਪਾਪਾ, ਉਹਨਾਂ ਮਿਲਣ ਵਾਲਿਆਂ ਵਿੱਚ ਮੇਰਾ ਨਾਂ ਵੀ ਹੈ ਕਿ ਨਹੀਂ?

ਸਟੀਫਨ ਦੀ ਇੱਕ ਬੇਟੀ ਬਹੁਤ ਹੋਣਹਾਰ ਹੈ। ਮੈਨੇਜਮੈਂਟ ਵਿੱਚ ਉਹ ਕਮਾਲ ਦੀ ਵਿਦਵਾਨ ਹੈ। ਪਿੱਛੇ ਜਿਹੇ ਉਸ ਨੇ ਇਕ ਬੇਟੀ ਨੂੰ ਜਨਮ ਦਿੱਤਾ। ਪਰ ਉਸ ਦਾ ਕੈਰੀਅਰ ਬੜੇ ਸੰਕਟ ਵਿੱਚ ਪੈ ਗਿਆ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦੀ ਸਾਰੀ ਵਿਦਿਆ ਬੇਕਾਰ ਹੋ ਕੇ ਰਹਿ ਗਈ ਹੈ। ਇਸ ਤਰ੍ਹਾਂ ਉਹ ਇੱਕ ਉਦਾਸੀ ਦਾ ਸ਼ਿਕਾਰ ਹੋ ਗਈ। ਉਸ ਦਾ ਸਾਰਾ ਟਾਈਮ ਟੇਬਲ ਖੁਰਦ ਬੁਰਦ ਹੋ ਗਿਆ।

ਸਟੀਫਨ ਦੀ ਟੀਮ ਨੇ ਉਸ ਮਾਂ ਦੀ ਸਮੱਸਿਆ ਬਾਰੇ ਵਿਚਾਰ ਕੀਤੀ ਅਤੇ ਨਤੀਜਾ ਕੱਢਿਆ ਕਿ ਮਾਂ ਬਣਨਾ ਆਪਣੇ ਆਪ ਵਿੱਚ ਇੱਕ ਵੱਡੀ ਪ੍ਰਾਪਤੀ ਹੈ। ਇਸ ਲਈ ਉਸ ਨੂੰ ਹੁਣ ਮਾਂ ਵਾਲੇ ਕੰਮਾਂ ਨੂੰ ਸਭ ਤੋਂ ਜ਼ਰੂਰੀ ਸਮਝਣਾ ਚਾਹੀਦਾ ਹੈ। ਉਸ ਦਾ ਟਾਈਮਟੇਬਲ ਉਸ ਦੀ ਬੱਚੀ ਦੇ ਸੌਣ, ਜਾਗਣ, ਦੁੱਧ ਪੀਣ ਆਦਿ ਮੁਤਾਬਕ ਹੋਣਾ ਚਾਹੀਦਾ ਹੈ। ਉਸ ਨੂੰ ਹੋਰ ਕੋਈ ਫਿਕਰ ਨਹੀਂ ਕਰਨਾ ਚਾਹੀਦਾ।

ਅਸੀਂ ਕਈ ਵਾਰੀ ਆਰਾਮ, ਕਸਰਤ, ਸੈਰ, ਬੱਚਿਆਂ ਨਾਲ ਖੇਡਣ, ਸਾਹਿਤ ਪੜ੍ਹਨ, ਸੰਗੀਤ ਸੁਣਨ, ਰਿਸ਼ਤੇਦਾਰਾਂ ਨੂੰ ਮਿਲਣ ਅਤੇ ਕਈ ਸਮਾਜਕ ਕੰਮਾਂਕਾਰਾਂ ਨੂੰ ਵਾਧੂ ਸਮਝਦੇ ਹੋਏ ਟਾਲਦੇ ਜਾਂਦੇ ਹਾਂ ਕਿਉਂਕਿ ਅਸੀਂ ਦਫਤਰੀ ਤੇ ਵਪਾਰਕ ਕੰਮਾਂ ਨੂੰ ਪਹਿਲ ਦਿੰਦੇ ਹਾਂ। ਪਰ ਹੁਣ ਨਵੀਂ ਪ੍ਰਬੰਧਕੀ ਸੋਚ ਉਪਰੋਕਤ ਕੰਮਾਂ ਨੂੰ ਵੀ ਜ਼ਰੂਰੀ ਸਮਝਦੀ ਹੈ। ਗੇਟੇ ਦਾ ਕਹਿਣਾ ਹੈ ਕਿ ਜਿਹੜੀਆਂ ਜ਼ਰੂਰੀਆਂ ਗੱਲਾਂ ਹਨ ਉਹਨਾਂ ਨੂੰ ਗੈਰ ਜ਼ਰੂਰੀ ਜਤਨਾਂ ਦੇ ਆਸਰੇ ਨਹੀਂ ਛੱਡਣਾ ਚਾਹੀਦਾ ਹੈ। ਸੰਜਮ, ਸੰਤੁਲਨ ਅਤੇ ਸਹਿਜ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਦੇ ਅੰਗ ਬਣਨੇ ਚਾਹੀਦੇ ਹਨ। ਜ਼ਿੰਦਗੀ ਦੇ ਰੁਝੇਵਿਆਂ ਦਾ ਆਧਾਰ ਇਹ ਗੁਣ ਬਣਨ ਤਾਂ ਹੀ ਅਸਲ ਤੇ ਚਿਰਜੀਵੀ ਖੁਸ਼ੀ ਸਾਨੂੰ ਮਿਲ ਸਕਦੀ ਹੈ। ਇਹੋ ਆਧਾਰ ਸਾਰੇ ਕੰਮਾਂ ਕਾਰਾਂ ਨੂੰ ਸੁਚੱਜੇ ਢੰਗ ਨਾਲ ਨਿਪਟਾਉਣ ਦੇ ਸਮਰੱਥ ਵੀ ਹੋਵੇਗਾ।

# ਜ਼ਰੂਰੀ ਬੇਨਤੀ

ਆਦਰ ਯੋਗ ਜੀਓ, 'ਅੰਮ੍ਰਿਤ ਕੀਰਤਨ', ਕੀਰਤਨੀਆਂ, ਸੰਗੀਤਕਾਰਾਂ, ਤਬਲਾਵਾਦਕਾਂ, ਕਥਾਕਾਰਾਂ ਆਦਿ ਨੂੰ ਉਤਸਾਹਿਤ ਲਈ ਅਤੇ ਪਾਠਕਾਂ ਨੂੰ ਇਹਨਾਂ ਬਾਰੇ ਜਾਣਕਾਰੀ ਦੇਣ ਲਈ ਜਤਨਸ਼ੀਲ ਹੈ। ਆਪ ਆਪਣੇ ਕਿਸੇ ਜਾਣਕਾਰ ਕੀਰਤਨੀਏ, ਸੰਗੀਤਕਾਰ, ਤਬਲਾਵਾਦਕ, ਕਥਾਵਾਚਕ ਆਦਿ ਬਾਰੇ ਜਾਣਕਾਰੀ ਭੇਜੋ। ਸਾਨੂੰ ਪ੍ਰਕਾਸ਼ਿਤ ਕਰਕੇ ਖੁਸ਼ੀ ਹੋਵੇਗੀ। ਸਹਾਇਤਾ ਲਈ ਪ੍ਰਸ਼ਨਾਵਲੀ ਦਿੱਤੀ ਜਾ ਰਹੀ ਹੈ। *ਸੰਪਾਦਕ*

**ਜੀਵਨ ਬਿਉਰਾ**

1. ਨਾਮ 2. ਪਿਤਾ ਦਾ ਨਾਂ 3. ਜਨਮ ਮਿਤੀ 4. ਜਨਮ ਸਥਾਨ
5. ਪਿਤਾ ਦਾ ਕੰਮਕਾਰ 6. ਵਿਦਿਅਕ ਯੋਗਤਾ 7. ਸਕੂਲ/ਕਾਲਜ ਦਾ ਨਾਂ
8. ਕੀਰਤਨ ਸਬੰਧੀ ਯੋਗਤਾਵਾਂ
   (ੳ) ਸੰਗੀਤ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ਹੈ? (ਅ) ਸੰਗੀਤ ਸਿਖਿਆ ਕਿਥੋਂ ਪ੍ਰਾਪਤ ਕੀਤੀ? (ੲ) ਸੰਗੀਤ ਸਿਖਿਆ ਕਿਸ ਕੋਲੋਂ ਪ੍ਰਾਪਤ ਕੀਤੀ? (ਸ) ਕਿੰਨੀ ਦੇਰ ਤਕ ਸੰਗੀਤ ਸਿਖਿਆ ਲਈ? (ਹ) ਸਿਖਿਆ ਦੌਰਾਨ ਕੋਈ ਵਿਸ਼ੇਸ਼ ਪ੍ਰਾਪਤੀ? (ਕ) ਟਕਸਾਲ ਜਾਂ ਵਿਦਿਆਲੇ ਦਾ ਨਾਂ? (ਖ) ਆਪਣੇ ਸੰਗੀਤ ਅਧਿਆਪਕ ਬਾਰੇ ਵਿਚਾਰ?
9. ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਸ਼ੁਰੂ ਕੀਤਾ?
10. ਕਿਹੜੇ-ਕਿਹੜੇ ਰਾਗੀ ਜਥੇ ਵਿੱਚ ਸਹਾਇਕ ਰਾਗੀ ਵਜੋਂ ਕੀਰਤਨ ਕੀਤਾ?
11. ਕੀਰਤਨੀਏ ਵਜੋਂ ਕਿਥੇ ਨੌਕਰੀ ਕੀਤੀ? ਪ੍ਰਾਪਤ ਹੋਏ ਪ੍ਰਸ਼ੰਸਾ ਪੱਤਰ ਅਤੇ ਵਿਸ਼ੇਸ਼ ਸਨਮਾਨ?
12. ਕਿੰਨੀ ਦੇਰ ਤੋਂ ਸੁਤੰਤਰ ਤੌਰ ਤੇ ਆਪਣਾ ਜਥਾ ਹੈ? ਜਥੇ ਦੇ ਸਾਰੇ ਮੈਂਬਰਾਂ ਦੇ ਨਾਂ।
13. ਸੁਤੰਤਰ ਰੂਪ ਵਿੱਚ ਕੀਰਤਨ ਕਰਦਿਆਂ ਪ੍ਰਾਪਤ ਸਨਮਾਨਾਂ ਦਾ ਵੇਰਵਾ?
14. ਕਿੰਨੇ ਸ਼ਬਦ ਜ਼ਬਾਨੀ ਯਾਦ ਹਨ?
15. ਕਿੰਨੇ ਰਾਗਾਂ ਅਤੇ ਤਾਲਾਂ ਵਿੱਚ ਕੀਰਤਨ ਕਰ ਸਕਦੇ ਹੋ?
16. ਕੀ ਰੇਡੀਓ ਜਾਂ ਟੇਲੀਵਿਜ਼ਨ ਤੇ ਕੀਰਤਨੀਏ ਵਜੋਂ ਪ੍ਰਮਾਣਿਤ ਹੋ? ਕਿੰਨੀ ਵਾਰ ਮੌਕਾ ਮਿਲਿਆ ਹੈ?
17. ਕਿਹੜੇ ਕਿਹੜੇ ਵਿਸ਼ੇਸ਼ ਪ੍ਰੋਗਰਾਮਾਂ ਵਿੱਚ ਅਤੇ ਕਿੱਥੇ ਕਿੱਥੇ ਕੀਰਤਨ ਕੀਤਾ ਹੈ?
18. ਕੀ ਵਿਦੇਸ਼ਾਂ ਵਿੱਚ ਕੀਰਤਨ ਕਰਨ ਗਏ ਹੋ? ਉਨ੍ਹਾਂ ਦੇਸ਼ਾਂ ਦੇ ਨਾਂ ਅਤੇ ਰਹਿਣ ਦਾ ਸਮਾਂ ਦਸੋ? ਉੱਥੋਂ ਪ੍ਰਾਪਤ ਹੋਇਆ ਕੋਈ ਪ੍ਰਸ਼ੰਸਾ ਪੱਤਰ ਜਾਂ ਸਨਮਾਨ?
19. ਤੁਹਾਡੇ ਗ੍ਰਾਮੋ-ਫੋਨ ਰਿਕਾਰਡ/ਕੈਸੇਟ ਟੇਪਾਂ/ਸੀ ਡੀ ਆਦਿ ਦੇ ਨੰਬਰ ਅਤੇ ਕੰਪਨੀ ਦਾ ਨਾਂ?
20. ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੌਕ? ਇਸ ਵਿੱਚ ਕੋਈ ਵਿਸ਼ੇਸ਼ ਪ੍ਰਾਪਤੀ?
21. ਤੁਹਾਡੇ ਵਲੋਂ ਦਿੱਤੀ ਗਈ ਕੀਰਤਨ ਸਿਖਲਾਈ ਦਾ ਵੇਰਵਾ?
22. ਕੀਰਤਨ ਨਾਲ ਸੰਬੰਧਤ ਤੁਹਾਡੇ ਜੀਵਨ ਦੀ ਕੋਈ ਵਰਨਣ ਯੋਗ ਘਟਨਾ?
23. ਕੀਰਤਨ ਬਾਰੇ ਤੁਹਾਡੇ ਆਪਣੇ ਵਿਚਾਰ ਕੀ ਹਨ?
24. ਵਰਤਮਾਨ ਕੀਰਤਨ ਪਰੰਪਰਾ ਬਾਰੇ ਵਿਚਾਰ?
25. ਤੁਹਾਨੂੰ ਕਿਹੜੇ ਕਿਹੜੇ ਕੀਰਤਨੀਏ ਪਸੰਦ ਹਨ? ਉਹਨਾਂ ਬਾਰੇ ਵਿਚਾਰ?
26. ਤੁਹਾਡੇ ਵਿਚਾਰ ਅਨੁਸਾਰ ਗੁਰਮਤਿ ਸੰਗੀਤ ਦੀ ਸਹੀ ਪਰੰਪਰਾ ਦਾ ਵਿਕਾਸ ਕਿਵੇਂ ਹੋਣਾ ਚਾਹੀਦਾ ਹੈ?
27. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਰੇਡੀਓ ਤੋਂ ਪ੍ਰਸਾਰਿਤ ਹੁੰਦੇ ਕੀਰਤਨ ਬਾਰੇ ਵਿਚਾਰ?
28. ਅਜੋਕੀਆਂ ਕੀਰਤਨ ਕੈਸਟਾਂ ਬਾਰੇ ਤੁਹਾਡੇ ਕੀ ਵਿਚਾਰ ਹਨ?
29. ਕੋਈ ਹੋਰ ਵੇਰਵਾ ਜੋ ਤੁਸੀਂ ਦੇਣਾ ਚਾਹੁੰਦੇ ਹੋ?
30. ਐਡਰੈਸ, ਟੈਲੀਫੋਨ ਆਦਿ।

# ਅਸੀਂ ਦੁੱਖ ਆਪ ਸਹੇੜਦੇ ਹਾਂ


## ਭਗਵੰਤ ਸਿੰਘ ਦਲਾਵਰੀ

Tapovan, Amravati - 444 602 (Maharashtra)


ਗੁਰੂ ਅਰਜਨ ਦੇਵ ਜੀ ਦੇ ਇੱਕ ਸ਼ਬਦ ਵਿੱਚ ਆਉਂਦਾ ਹੈ ਕਿ ਜੇ ਅਸੀਂ ਨਾਮ ਵਿਸਾਰ ਕੇ ਰਸ ਭੋਗਦੇ ਹਾਂ ਤਾਂ ਸੁਪਨੇ ਵਿੱਚ ਵੀ ਸੁਖ ਨਹੀਂ ਹੋਏਗਾ ਅਤੇ ਤਨ ਰੋਗੀ ਹੋ ਜਾਏਗਾ। ਅੱਜ ਅੰਮ੍ਰਿਤ ਵੇਲੇ ਜਦੋਂ ਹਰਮੰਦਰ ਸਾਹਿਬ ਤੋਂ ਸ਼ਬਦ ਕੀਰਤਨ ਸੁਣ ਤੇ ਵੀਚਾਰ ਰਹਿਆ ਸੀ ਤਾਂ ਰੇਡਿਓ ਵਿੱਚ ਬਹੁਤ ਖਲਲ ਮਚ ਗਇਆ ਤੇ ਕੁਝ ਸੁਣਾਈ ਨਾ ਦਿੱਤਾ। ਅੰਮ੍ਰਿਤ ਕੀਰਤਨ ਪੋਥੀ 'ਚੋਂ ਸ਼ਬਦ ਵੇਖਣ ਲੱਗਾ ਤੇ ਇੱਕ ਹੋਰ ਸ਼ਬਦ ਤੇ, ਜੋ ਗੁਰੂ ਅਰਜਨ ਦੇਵ ਜੀ ਦਾ ਹੀ ਸੀ, ਨਜ਼ਰ ਪੈ ਗਈ। ਇਉਂ ਲੱਗਾ ਜਿਵੇਂ ਗੁਰੂ ਸਾਹਿਬ ਚੇਤਾਵਨੀ ਦੇ ਰਹੇ ਹਨ ਤੇ ਕਹਿ ਰਹੇ ਹੋਣ- ਖ਼ਬਰਦਾਰ, ਦੁਖ ਨਾ ਘੜੋ।

ਪੂਰਾ ਸ਼ਬਦ ਨਹੀਂ ਲਿਖਦਾ, ਪਰ ਹਵਾਲਾ ਦੇਂਦਾ ਹਾਂ (ਅੰਮ੍ਰਿਤ ਕੀਰਤਨ- ਪੰਨਾ 932; ਗੁਰੂ ਗ੍ਰੰਥ ਸਾਹਿਬ, ਪੰਨਾ 42) *"ਕਿਆ ਤੂ ਰਤਾ ਦੇਖ ਕੈ ਪੁਤ੍ਰ ਕਲਤ੍ਰ ਸੀਗਾਰ..."* ਸਾਰੇ ਸ਼ਬਦ ਦੀ ਵੀਚਾਰ ਕਰਦੇ ਹਾਂ।

"ਕਿਉ ਰਚ ਗਿਆ ਹੈਂ ਪੁਤ੍ਰ ਤੇ ਪਤਨੀ ਦੇ ਸੀਂਗਾਰ ਦੇਖ ਕੇ, ਰਸ ਭੋਗਦਾ ਹੈਂ, ਖ਼ੁਸ਼ੀਆਂ ਕਰਦਾ ਹੈਂ, ਅਪਣੇ ਵਲੋਂ ਖ਼ੂਬ ਰੰਗਰਲੀਆਂ ਮਨਾ ਰਿਹਾ ਹੈਂ। ਨਾਲੇ ਵੱਡੀਆਂ ਵੱਡੀਆਂ ਫ਼ੁਰਮਾਇਸ਼ਾਂ ਕਰਦਾ ਹੈਂ ਤੇ ਆਕੜ ਵਿੱਚ ਆਫਰਿਆ ਰਹਿੰਦਾ ਹੈਂ। ਤੈਨੂੰ ਵਾਹਿਗੁਰੂ ਚੇਤੇ ਹੀ ਨਹੀਂ ਆਉਂਦਾ, ਮਨਮੁਖਾਂ ਵਾਂਗ ਹਨੇਰੇ ਵਿੱਚ ਫਸ ਕੇ ਅਕਲ ਖੋਹ ਬੈਠਾ ਹੈਂ।

ਮੇਰੇ ਮਨ ਤੂੰ ਉਸ ਸੁਖਦਾਤੇ ਪ੍ਰਭੂ ਦਾ ਚਿੰਤਨ ਕਰ, ਹਾਂ ਗੁਰੂ ਕਿਰਪਾ ਨਾਲ ਇਹ ਬਖਸ਼ਿਸ਼ ਹੁੰਦੀ ਹੈ।

ਹੇ, ਕਪੜਿਆਂ, ਭੋਗਾਂ ਵਿੱਚ ਫਸੇ ਹੋਏ ਬੰਦੇ। ਇਹ ਸੋਨਾ-ਚਾਂਦੀ ਮਿੱਟੀ ਦੇ ਬਰਾਬਰ ਹੈ। ਤੂੰ ਹਾਥੀਆਂ ਘੋੜਿਆਂ ਤੇ ਰਥਾਂ ਤੇ ਅਥਕ ਚੜਦਾ ਹੈਂ ਤੇ ਕਿਸੇ ਹੋਰ ਨੂੰ ਕੁਝ ਨਹੀਂ ਸਮਝਦਾ, ਸਭ ਸਾਕ ਵੀ ਵਿਸਾਰ ਬੈਠਾ ਹੈਂ। ਯਾਦ ਰਖ, ਜਦ ਆਪਣੇ ਸਿਰਜਣਹਾਰ ਨੂੰ ਹੀ ਭੁਲ ਗਿਆ ਹੈਂ ਤਾਂ ਨਾਮ ਬਿਨਾ ਜੋ ਕੁਝ ਵੀ ਵਰਤਦਾ ਹੈਂ ਸਭ ਅਪਵਿਤ੍ਰ ਹੈ। ਮਾਇਆ ਤਾਂ ਇਕੱਠੀ ਕਰੀ ਜਾ ਰਿਹਾ ਹੈਂ ਪਰ ਸਭ ਦੀਆਂ ਬਦਦੁਆਵਾਂ ਵੀ ਲਈ ਜਾ ਰਿਹਾ ਹੈਂ। ਇਹ ਵੀ ਸੋਚ ਲੈ, ਜਿਨ੍ਹਾਂ ਨੂੰ ਖ਼ੁਸ਼ ਕਰ ਰਿਹਾ ਹੈਂ, ਉਹ ਵੀ ਤੇਰੀ ਤਰ੍ਹਾਂ ਰਹਿਣ ਵਾਲੇ ਨਹੀਂ, ਮਨ ਦੀ ਮਤਿ ਵਿੱਚ ਫਸ ਕੇ ਅਹੰਕਾਰ ਦੇ ਟਿੱਬੇ ਤੇ ਚੜ੍ਹ ਬੈਠਾ ਹੈਂ। ਜਿਹੜੇ ਬੰਦੇ ਰੱਬ ਤੋਂ ਵਿਛੜ ਜਾਂਦੇ ਹਨ, ਉਨ੍ਹਾਂ ਦੀ ਨਾ ਕੋਈ ਇੱਜਤ-ਮਾਣ ਹੈ, ਨਾ ਵਡਿਆਈ।

ਜਿਸਨੂੰ ਸਤਿਗੁਰ ਪੁਰਖ ਮਿਲ ਜਾਏ, ਉਸਨੂੰ ਸਮਝ ਆ ਜਾਂਦੀ ਹੈ ਕਿ ਉਸਦਾ ਇਕੋ ਇਕ ਸੱਜਣ ਉਹ ਗੁਰੂ ਹੀ ਹੈ। ਜਦ ਰਾਖਾ ਕੇਵਲ ਪ੍ਰਭੂ ਹੀ ਹੈ ਤਾਂ ਬੰਦਾ ਹਉਮੈ ਵਿੱਚ ਕਿਉਂ ਸੜਦਾ ਤੇ ਰੋਂਦਾ ਹੈ। ਪ੍ਰਭ ਉਹ ਕਰਦਾ ਹੈ ਜੋ ਪ੍ਰਭੂ ਪਿਆਰਿਆਂ ਨੂੰ ਚੰਗਾ ਲਗਦਾ ਹੈ, ਜਨਮ-ਮਰਣ ਦੇ ਚੱਕਰ 'ਚੋਂ ਵੀ ਕੱਢ ਲੈਂਦਾ ਹੈ। ਨਾਨਕ ਕਹਿੰਦਾ ਹੈ ਕਿ ਹਰੀ ਰੰਗ ਵਿੱਚ ਰੰਗਿਆ ਬੰਦਾ ਸਾਰੇ ਜਗ ਵਿੱਚ ਚਾਨਣਾ ਪੈਦਾ ਕਰਦਾ ਹੈ।"

ਵੇਖੋ, ਇਸ ਵਿੱਚ ਕਈ ਨੁਕਤੇ ਹਨ ਸਾਡੇ ਦੁਖੀ ਹੋਣ ਦੇ ਤੇ ਮੇਰਾ ਅਨੁਭਵ ਹੈ ਕਲਕੱਤਾ, ਜਮਸ਼ੇਦਪੁਰ, ਡੇਹਰਾਦੂਨ, ਦਿੱਲੀ, ਚੰਡੀਗੜ੍ਹ, ਜਲੰਧਰ, ਮੁੰਬਈ ਤੇ ਹੋਰ ਕਈ ਸ਼ਹਿਰਾਂ ਵਿੱਚ ਕਰੋੜਪਤੀਆਂ ਦੇ ਘਰਾਂ ਵਿੱਚ ਗੁਰਮਤਿ ਵੀਚਾਰਨ ਦਾ ਤੇ ਸਾਰੇ ਦੇ ਸਾਰੇ ਹੀ ਪ੍ਰਤੱਖ ਦਿਸਦੇ ਹਨ ਕਿ ਉਥੇ ਰਹਿੰਦਿਆਂ, ਜਿੱਥੇ ਨਾਮ ਹੈ, ਠੰਢ ਹੈ, ਸ਼ਾਂਤੀ ਹੈ, ਪ੍ਰੇਮ ਹੈ, ਪਰ ਜਿੱਥੇ ਨਾਮ ਨੂੰ ਵਿਸਾਰ ਕੇ ਬੰਦੇ ਕੇਵਲ external cosmetism ਵਿੱਚ ਪਏ ਹਨ ਜਾਂ ਪ੍ਰੇਮਹੀਨ ਕਰਮਕਾਂਡੀ ਅਹੰਕਾਰੀ ਭਗਤੀ ਦਾ ਵਿਖਾਵਾ ਕਰ ਰਹੇ ਹਨ ਉੱਥੇ ਕੇਵਲ ਦੁਖ, ਸਾੜਾ, ਨਿੰਦਿਆ, ਚੁਗਲੀ, ਈਰਖਾ ਹੀ ਮਿਲਦੇ ਹਨ।

1. ਜੋ ਕੇਵਲ ਅਪਣੇ ਪੁਤ੍ਰਾਂ-ਧੀਆਂ ਵਿੱਚ ਮੋਹੇ ਹਨ ਉਹ ਦੇਖਦੇ ਹਨ ਕਿ ਜਿਨ੍ਹਾਂ ਨਾਲ ਉਨ੍ਹਾਂ ਅਤਿਅੰਤ ਮੋਹ ਕੀਤਾ ਉਹ ਵੈਰੀ ਬਣ ਕੇ ਰਹਿੰਦੇ ਹਨ -ਤੁਹਾਨੂੰ ਹੁਣ ਕੋਈ ਸਮਝ ਨਹੀਂ।
2. ਜਿਹੜੇ ਭੋਗ ਭੋਗ ਕੇ ਸਿਹਤ ਗੁਆ ਬੈਠੇ ਹਨ ਭਾਵੇਂ ਬਲੈਕ ਕਮਾਈ ਬਹੁਤ ਹੈ ਤੇ ਬੜੀਆਂ ਰੰਗਰਲੀਆਂ

ਮਾਣੀਆਂ ਹਨ, ਹੁਣ ਸਹਿਕਦੇ ਹਨ ਰਜ ਕੇ ਸੁਆਦ ਨਾਲ ਰੋਟੀ ਖਾਣ ਲਈ।

3. ਕਪੜੇ, ਸੋਨਾ-ਚਾਂਦੀ ਤਾਂ ਮਾਣਦੇ ਰਹੇ ਹਨ, ਪਰ ਘਰ ਵਿੱਚ ਹੀ ਸਾੜ੍ਹੇ ਪਏ ਹੋਏ ਹਨ। ਪੁਤ੍ਰ, ਨੂੰਹਾਂ, ਦਰਾਣੀਆਂ, ਜਠਾਣੀਆਂ ਤੇ ਹੋਰ ਕਈ ਰਿਸ਼ਤੇਦਾਰੀਆਂ ਵਿੱਚ ਭਾਂਬੜ ਬਲਦੇ ਹਨ।
4. ਫੇਰ ਜੇ ਪੁਤ੍ਰ-ਧੀ ਮਰ ਜਾਏ ਤਾਂ ਸਾਰੀ ਉਮਰ ਨਾਮ ਤੋਂ ਬੇਮੁਖ ਰਹੇ ਲੋਕ ਪੈਸੇ ਦੀ ਦੌੜ ਵਿੱਚ ਵਾਹਿਗੁਰੂ ਦਾ ਭਾਣਾ ਨਹੀਂ ਮਨ ਸਕਦੇ ਤੇ ਗੁਰੂ ਦੇ ਹੁਕਮਾਂ ਨੂੰ ਨਜ਼ਰ ਅੰਦਾਜ਼ ਕਰਨ ਵਾਲੇ ਬੇਅੰਤ ਦੁਖੀ ਹੁੰਦੇ ਹਨ, ਭਾਵੇਂ ਕੁਝ ਬਣ ਨਹੀਂ ਸਕਦਾ।
5. ਲਗਦਾ ਹੈ ਕਿ ਖੂਬ ਆਕੜ ਤੇ ਮਜੇ ਵਿੱਚ ਜੀਵਨ ਲੰਘ ਰਿਹਾ ਹੈ ਪਰ ਅਚਾਨਕ ਹੀ ਜਦ ਸੰਕਟ ਆਉਂਦਾ ਹੈ ਤਾਂ ਨਾਮ ਬਿਨਾ ਕੋਈ ਬੇਲੀ ਨਹੀਂ ਹੁੰਦਾ, ਪਰ ਉਹ ਨਾਮ ਦੀ ਪਰੀਭਾਸ਼ਾ ਕੇਵਲ ਕਰਮਕਾਂਡੀ ਭਗਤੀ ਵਿੱਚੋਂ ਲਭ ਹੀ ਨਹੀਂ ਸਕਦੇ।
6. ਕਿਉਂਕਿ ਇਹ ਦੁਨੀਆਂ ਫਾਨੀ ਹੈ ਤੇ ਸਭ ਨੇ ਚਲੇ ਜਾਣਾ ਹੈ, ਉਹ ਆਪਣਾ ਸਾਰਾ ਚਿੱਤ ਨਾ ਰਹਿਣ ਵਾਲੇ ਕੰਮਾਂ, ਨਾ ਰਹਿਣ ਵਾਲੇ ਰਿਸ਼ਤੇਦਾਰਾਂ, ਨਾ ਰਹਿਣ ਵਾਲੀ ਵਡਿਆਈ, ਤੇ ਨਾ ਰਹਿਣ ਵਾਲੀ ਵਿਕਾਰਾਂ ਦੀ ਮੌਜ ਵਿੱਚ ਲਾਈ ਰੱਖਦੇ ਹਨ। ਜਦ ਮੌਤ ਆਉਂਦੀ ਹੈ ਜਾਂ ਹੋਰ ਕੋਈ ਮਰਦਾ ਹੈ ਤਾਂ ਉਹ ਹੋਰ ਦੁਖੀ ਹੁੰਦੇ ਹਨ।
7. ਗੁਰੂ ਸਾਫ ਦੱਸਦਾ ਹੈ ਕਿ, ਜੇ ਗੁਰੂ ਦੀ ਕਿਰਪਾ ਹੋ ਜਾਏ ਤੇ ਗੁਰੂ ਸੱਜਣ ਮੰਨ ਲਇਆ ਜਾਏ ਤਾਂ ਇਨ੍ਹਾਂ ਆਪੋ ਘੜੇ ਦੁਖਾਂ ਚੋਂ ਬਚ ਸਕਦੇ ਹਾਂ।
8. ਗੁਰੂ ਦਾ ਇਹ ਆਸ਼ਵਾਸਨ ਹੈ ਕਿ ਉਹਦੇ ਆਖੇ ਲਗਣ ਨਾਲ ਉਹ ਵਿਚੋਲਾ ਬਣ ਕੇ ਪ੍ਰਭੂ ਨਾਲ ਮਿਲਾ ਦੇਂਦਾ ਹੈ ਤੇ ਜੇ ਪ੍ਰਭੂ ਆਪ ਕਿਸੇ ਦਾ ਰਖਵਾਲਾ ਹੋ ਜਾਏ ਤਾਂ ਉਸਨੂੰ ਕੀ ਕਮੀ ਰਹੇਗੀ।
9. ਵਾਹਿਗੁਰੂ ਦਾ ਤਾਂ ਨਾ ਰੂਪ ਹੈ ਨਾ ਰੰਗ, ਨਾ ਕੋਈ ਚਕ੍ਰ ਚਿਹਨ ਹੈ, ਪਰ ਗੁਰੂ ਦਾ ਹੁਕਮ ਹੈ ਕਿ ਉਹ ਪ੍ਰਭੂ ਗੁਰ ਸ਼ਬਦ ਰਾਹੀਂ ਪਕੜਿਆ ਜਾ ਸਕਦਾ ਹੈ।
10. ਫੇਰ ਵਾਹਿਗੁਰੂ ਤਾਂ ਆਪਣੇ ਅੰਦਰ ਹੀ ਹੈ ਤੇ ਉਸਦੀ ਪਹਿਚਾਨ ਗੁਰ ਸ਼ਬਦ ਰਾਹੀਂ ਤਾਂ ਹੁੰਦੀ ਹੈ ਜਦ ਹੰਕਾਰ ਮਿਟੇ। ਹੰਕਾਰ ਤਾਂ ਮਿਟਦਾ ਹੈ ਜਦ ਯਕੀਨ ਹੋ ਜਾਏ ਕਿ ਕਰਨ-ਕਾਰਨ ਵਾਲਾ ਵਾਹਿਗੁਰੂ ਹੈ, ਅਸੀਂ ਤਾਂ ਕਠਪੁਤਲੀਆਂ ਹਾਂ। ਯਕੀਨ ਤਾਂ ਆਉਂਦਾ ਹੈ ਜੇ ਸਤਿਸੰਗਤ ਕਰੀਏ ਤੇ ਗੁਰਮੁਖਾਂ ਦੀ ਰਹੁਰੀਤ ਤੋਂ ਵਾਕਫ ਹੋ ਕੇ ਜ਼ਿੰਦਗੀ ਉਹੋ ਜਿਹੀ ਬਣਾਈਏ।

ਇੱਕ ਨਿਮਾਣਾ ਜਿਹਾ ਸੁਝਾਓ

ਮੈਂ ਤਾਂ ਇੱਕੋ ਸ਼ਬਦ ਦੀ ਵਡਿਆਈ ਅੰਮ੍ਰਿਤ ਵੇਲੇ ਵਿਚਾਰੀ ਹੈ ਤੇ ਦਿਸ ਰਿਹਾ ਹੈ ਕਿ ਮੈਂ ਦੁੱਖਾਂ ਤੋਂ ਬਚ ਸਕਦਾ ਹਾਂ ਜੇ ਗੁਰੂ ਦੇ ਆਖੇ ਲਗਾਂ। ਫਿਰ ਕਿਉਂ ਨਾ ਗੁਰੂ ਨਾਨਕ ਸਾਹਿਬ ਦੇ ਜਪੁਜੀ ਸਾਹਿਬ ਦੀ ਮਿਹਰ ਤੇ ਯਕੀਨ ਕਰ ਕੇ ਅੰਮ੍ਰਿਤ ਵੇਲੇ ਨਾਮ ਜਪਣ ਦਾ ਅਮਲ ਕਰੀਏ ਤਾਂ ਜੋ-

1. ਵਾਹਿਗੁਰੂ ਦਾ ਦਰਬਾਰ ਦੇਖ ਸਕੀਏ।
2. ਵਾਹਿਗੁਰੂ ਦੇ ਪਿਆਰ ਦੇ ਹੱਕਦਾਰ ਹੋ ਜਾਈਏ।

ਇਹ 'ਅੰਮ੍ਰਿਤ ਵੇਲਾ ਵਡਿਆਈ ਵਿਚਾਰ' ਦਾ ਸਿੱਟਾ ਹੋਵੇਗਾ। ਨਾਲ ਹੀ ਦੁਖ-ਰੋਗ ਦਾ ਡੇਰਾ ਭੰਨਿਆ ਜਾਏਗਾ।

ਕੀ ਅਸੀਂ ਨਹੀਂ ਚਾਹੁੰਦੇ ਕਿ ਦੁੱਖਾਂ ਤੋਂ ਛੁਟਕਾਰਾ ਮਿਲੇ?

**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ
ਲੁਧਿਆਣਾ - 141 002

# ਦਸਮ ਗ੍ਰੰਥ ਬਾਰੇ ਮੁਢਲੀ ਜਾਣਕਾਰੀ


## ਗੁਰਮੁਖ ਸਿੰਘ

ਪਿੰਡ ਬਾਸੀਆਂ ਬੈਦਵਾਣ, ਡਾਕਘਰ ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ


ਦਸਮ ਗ੍ਰੰਥ ਪੰਥ ਅੰਦਰ ਇੱਕ ਪ੍ਰਸਿੱਧ ਗ੍ਰੰਥ ਹੈ। ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਇਨ੍ਹਾਂ ਤਖਤਾਂ ਤੇ ਇਸ ਗ੍ਰੰਥ ਦਾ ਪ੍ਰਕਾਸ਼ ਵੀ ਕੀਤਾ ਜਾਂਦਾ ਹੈ ਅਤੇ ਵਾਕ ਵੀ ਲਿਆ ਜਾਂਦਾ ਹੈ। ਕਈ ਥਾਂਈ ਦਸਮ ਗ੍ਰੰਥ ਦੇ ਅਖੰਡ ਪਾਠ ਵੀ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਤੇ ਕਿੰਤੂ ਪ੍ਰੰਤੂ ਵੀ ਹੁੰਦੇ ਰਹਿੰਦੇ ਹਨ। ਦਸਮ ਗ੍ਰੰਥ ਦੀਆਂ ਬਾਣੀਆਂ ਦੇ ਕਰਤਾ ਬਾਰੇ ਆਪਾ ਵਿਰੋਧੀ ਗੱਲਾਂ ਦਾ ਵਿਵਾਦ ਵੀ ਪੁਰਾਤਨ ਸਮੇਂ ਤੋਂ ਚਲਿਆ ਆਉਂਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਆਮ ਸਿੱਖਾਂ ਨੂੰ ਦਸਮ ਗ੍ਰੰਥ ਬਾਰੇ ਬਹੁਤ ਹੀ ਘੱਟ ਜਾਣਕਾਰੀ ਹੈ। ਇਸ ਦਾ ਮੁਖ ਕਾਰਨ ਆਮ ਗੁਰਦੁਆਰਿਆਂ ਵਿੱਚ ਦਸਮ ਗ੍ਰੰਥ ਦਾ ਨਾ ਹੋਣਾ ਹੈ। ਅੱਜ ਤੱਕ ਕਿਸੇ ਵਿਰਲੇ ਸਿੱਖ ਨੇ ਹੀ ਦਸਮ ਗ੍ਰੰਥ ਨੂੰ ਪੜ੍ਹਿਆ ਹੋਵੇਗਾ। ਕਿਸੇ ਵੀ ਵਿਵਾਦ ਵਿੱਚ ਨਾ ਪੈਂਦੇ ਹੋਏ ਹੱਥਲੇ ਲੇਖ ਵਿੱਚ ਦਸਮ ਗ੍ਰੰਥ ਬਾਰੇ ਕੇਵਲ ਮੁਢਲੀ ਜਾਣਕਾਰੀ ਪਾਠਕਾਂ ਗੋਚਰੇ ਕਰਨ ਦੀ ਕੋਸ਼ਿਸ਼ ਹੈ।

ਇਸ ਗ੍ਰੰਥ ਦੇ ਕੁਲ 1428 ਪੰਨੇ ਹਨ।

ਪੰਨਾ ਨੰ 1 ਤੋਂ 10 ਤੱਕ ਜਾਪ ਸਾਹਿਬ ਦਰਜ ਹੈ ਜੋ ਕਿ ਨਿਤਨੇਮ ਦੀ ਬਾਣੀ ਹੈ।

ਪੰਨਾ ਨੰ 11 ਤੇ 'ਅਕਾਲ ਉਸਤਤਿ' ਬਾਣੀ ਸ਼ੁਰੂ ਹੁੰਦੀ ਹੈ ਜਿਸਦਾ ਸਿਰਲੇਖ ਹੈ

ੴ ਸਤਿਗੁਰ ਪ੍ਰਸਾਦਿ॥ ਅਕਾਲ ਉਸਤਤਿ

ਉਤਾਰ ਖਾਸੇ ਦਸਖਤ ਕਾ॥ ਪਾਤਿਸਾਹੀ 10॥

ਅਕਾਲ ਪੁਰਖ ਕੀ ਰਛਾ ਹਮਨੈ॥ ਸਰਬ ਲੋਹ ਦੀ ਰਛਿਆ ਹਮਨੈ॥ ਸਰਬ ਕਾਲ ਜੀ ਦੀ ਰਛਿਆ ਹਮਨੈ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥

ਆਗੈ ਲਿਖਾਰੀ ਕੇ ਦਸਖਤ॥ ਤ੍ਵ ਪ੍ਰਸਾਦਿ॥ ਚਉਪਈ॥

ਪ੍ਰਣਵੋ ਆਦਿ...॥

ਇਸੇ ਬਾਣੀ ਵਿੱਚ 13 ਨੰ ਪੰਨੇ ਤੇ ਨਿਤਨੇਮ ਦੀ ਬਾਣੀ ਤ੍ਵ ਪ੍ਰਸਾਦਿ ਸ੍ਵਯੇ॥ ਸ੍ਰਾਵਗ ਸੁਧ... ਦਰਜ ਹੈ। 34 ਨੰ ਪੰਨੇ ਤੇ 'ਦੀਨਨ ਕੀ ਪ੍ਰਤਿਪਾਲ- ਸ੍ਵਯੇ ਦਰਜ ਹਨ।

ਅਕਾਲ ਉਸਤਤਿ ਪੰਨਾ ਨੰ: 38 ਤੇ ਸੰਪੂਰਨ ਹੋ ਜਾਂਦੀ ਹੈ। ਇਸ ਦੇ ਕੁਲ ਬੰਦ 271 ਹਨ।

ਪੰਨਾ ਨੰ 39 ਤੋਂ 'ਬਚਿਤ੍ਰ ਨਾਟਕ' ਬਾਣੀ ਸ਼ੁਰੂ ਹੁੰਦੀ ਹੈ। ਇਸ ਦੇ ਸ਼ੁਰੂ ਵਿੱਚ ਪੰਥ ਪ੍ਰਸਿੱਧ ਰਚਨਾ 'ਖਗ ਖੰਡ ਬਿਹੰਡੇ' ਦਰਜ ਹੈ।

ਇਸ ਬਾਣੀ ਵਿੱਚ ਹੇਮਕੁੰਟ ਦਾ ਹਵਾਲਾ, ਨੌਵੇਂ ਪਾਤਸ਼ਾਹੀ ਸ਼ਹੀਦੀ ਦਾ ਜ਼ਿਕਰ, ਭੰਗਾਣੀ ਨਦੌਣ ਅਤੇ ਹੁਸੈਨੀ ਖਾਂ ਨਾਲ ਹੋਏ ਜੁਧਾਂ ਦਾ ਵਰਣਨ ਮਿਲਦਾ ਹੈ। ਇਹ ਰਚਨਾ 73 ਨੰ ਪੰਨੇ ਤੇ ਸੰਪੂਰਨ ਹੋ ਜਾਂਦੀ ਹੈ।

ਪੰਨਾ ਨੰ 74 ਤੋਂ ਚੰਡੀ ਚਰਿਤ੍ਰ ਸ਼ੁਰੂ ਹੁੰਦੀ ਹੈ। ਇਸਦਾ ਸਿਰਲੇਖ ਹੈ।

ੴ ਵਾਹਿਗੁਰੂ ਜੀ ਕੀ ਫਤੇ॥ ਅਬ ਚੰਡੀ ਚਰਿਤ੍ਰ ਉਕਤਿ ਬਿਲਾਸ॥ ਸ੍ਵਯੇ ਆਦਿ ਅਪਾਰ ਅਲੇਖ...

ਇਸ ਰਚਨਾ ਵਿੱਚ ਦੁਰਗਾ ਦਾ ਮਹਖਾਸੁਰ ਆਦਿ ਦੈਂਤਾਂ ਨਾਲ ਭਿਆਨਕ ਯੁਧ ਦਾ ਵਰਣਨ ਮਿਲਦਾ ਹੈ। ਇਹ ਰਚਨਾ 99 ਨੰ: ਤੇ ਸੰਪੂਰਨ ਹੋ ਜਾਂਦੀ ਹੈ।

ਪੰਨਾ ਨੰ: 100 ਤੋਂ ਚੰਡੀ ਚਰਿਤ੍ਰ ਦੂਜਾ ਸ਼ੁਰੂ ਹੁੰਦਾ ਹੈ ਜਿਸਦਾ ਸਿਰਲੇਖ ਹੈ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ -ਅਬ ਚੰਡੀ ਚਰਿਤ੍ਰ ਲਿਖਯਤੇ॥

ਇਸ ਰਚਨਾ ਵਿੱਚ ਵੀ ਦੁਰਗਾ ਅਤੇ ਕਾਲੀ ਦਾ ਧੂਮ੍ਰਨੈਨ, ਰਕਤਬੀਜ ਅਤੇ ਸੁੰਭ ਨਿਸੁੰਭ ਆਦਿ ਦੈਤਾਂ ਨਾਲ ਜੰਗ ਦਾ ਵਰਣਨ ਹੈ। ਇਹ ਰਚਨਾ 119 ਨੰ ਪੰਨੇ ਤੱਕ ਦਰਜ ਹੈ।

ਪੰਨਾ ਨੰ 119 ਤੋਂ ਹੀ ਵਾਰ ਸ੍ਰੀ ਭਗਉਤੀ ਜੀ ਕੀ ਸ਼ੁਰੂ ਹੁੰਦੀ ਹੈ।

ਇਸਦਾ ਸਿਰਲੇਖ ਹੈ

ੴ ਵਾਹਿਗੁਰੂ ਜੀ ਕੀ ਫਤੇ॥ ਸ੍ਰੀ ਭਗਉਤੀ ਜੀ ਸਹਾਇ॥

ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਸ਼ਾਹੀ 10॥ ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ॥ ਇਹ ਉਹੀ ਪਉੜੀ ਹੈ ਜਿਸਨੂੰ ਅਰਦਾਸ ਵਿੱਚ ਪੜ੍ਹਿਆ ਜਾਂਦਾ ਹੈ।

ਇਹ ਰਚਨਾ ਪੰਜਾਬੀ ਬੋਲੀ ਦਾ ਉਤਮ ਨਮੂਨਾ ਹੈ। ਇਸ ਵਿੱਚ ਵੀ ਦੁਰਗਾ ਅਤੇ ਕਈ ਵੱਡੇ ਦੈਂਤਾਂ ਦੀ ਲੜਾਈ ਦਾ ਹਾਲ ਹੈ। ਇਸ ਰਚਨਾ 127 ਨੰ ਪੰਨੇ ਤੱਕ ਚਲਦੀ ਹੈ।

ਪੰਨਾ ਨੰ 127 ਤੋਂ ਹੀ ਗਿਆਨ ਪ੍ਰਬੋਧ ਰਚਨਾ ਸ਼ੁਰੂ ਹੋ ਜਾਂਦੀ ਹੈ ਹੈ। ਸਿਰਲੇਖ ਹੈ

ੴ ਸਤਿਗੁਰ ਪ੍ਰਸਾਦਿ॥ ਸ੍ਰੀ ਭਗਉਤੀ ਜੀ ਸਹਾਇ॥

ਅਥ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ

ਪਾਤਸਾਹੀ 10॥ ਭੁਜੰਗ ਪ੍ਰਸਾਤ ਛੰਦ॥ ਤ੍ਵ ਪ੍ਰਸਾਦਿ॥

ਨਾਮੋ ਨਾਥ ਪੂਰੇ॥ ...॥ ਇਸ ਰਚਨਾ ਵਿੱਚ ਕੇਵਲ ਅਕਾਲ ਪੁਰਖ ਦੀ ਉਸਤਤ ਕੀਤੀ ਗਈ ਹੈ। ਜਾਪ ਸਾਹਿਬ ਵਾਂਗ ਅਕਾਲ ਪੁਰਖ ਦੇ ਅਨੰਤ ਨਾਮ ਇਸ ਰਚਨਾ ਵਿੱਚ ਦਰਜ ਹਨ। ਇਹ ਰਚਨਾ ਪੰਨਾ ਨੰ 140 ਤੇ ਸੰਪੂਰਨ ਹੋ ਜਾਂਦੀ ਹੈ। ਇਸ ਦੇ ਕੁਲ 156 ਬੰਦ ਹਨ। 140 ਨੰ ਪੰਨੇ ਤੇ ਰਾਜਾ ਪ੍ਰੀਛਤ ਦੇ ਰਾਜ ਦਾ ਵਰਣਨ ਸ਼ੁਰੂ ਹੁੰਦਾ ਹੈ ਅਤੇ ਇਹ 155 ਨੰ ਪੰਨੇ ਤੱਕ ਚਲਦਾ ਹੈ। ਇਸ ਵਿੱਚ ਪ੍ਰੀਛਤ ਦੁਆਰਾ ਕੀਤੇ ਗਏ ਜੱਗਾਂ ਆਦਿ ਦਾ ਵਰਣਨ ਹੈ।

ਪੰਨਾ ਨੰ 155 ਤੋਂ 'ਚਉਬੀਸ ਅਵਤਾਰ' ਰਚਨਾ ਸ਼ੁਰੂ ਹੁੰਦੀ ਹੈ।

ਇਸ ਰਚਨਾ ਵਿੱਚ ਵਿਸਨੂੰ ਦੇ 24 ਅਵਤਾਰਾਂ ਦਾ ਹਾਲ ਦਰਜ ਹੈ। ਕਈ ਅਵਤਾਰਾਂ ਦਾ ਜਿਕਰ ਸੰਖੇਪ ਵਿੱਚ ਹੈ ਜਿਵੇਂ ਮੱਛ ਅਵਤਾਰ, ਪ੍ਰੰਤੂ ਰਾਮ, ਕ੍ਰਿਸਨ ਅਵਤਾਰਾਂ ਦਾ ਬਹੁਤ ਹੀ ਵਿਸਥਾਰ ਸਹਿਤ ਵਰਣਨ ਹੈ। ਇਹ ਬਹੁਤ ਲੰਬੀ ਰਚਨਾ ਹੈ ਜੋ ਕਿ 709 ਨੰ ਪੰਨੇ ਤੱਕ ਚਲਦੀ ਹੈ। ਇਸ ਵਿੱਚ 24 ਅਵਤਾਰਾਂ ਤੋਂ ਬਿਨਾਂ ਹੋਰ ਵੀ ਅਨੇਕ ਮਿਥਿਹਾਸਕ ਕਥਾਵਾਂ ਦਾ ਵਰਣਨ ਹੈ।

ਪੰਨਾ ਨੰ 709 ਤੋਂ 'ਰੇ ਮਨ ਐਸੋ ਕਰਿ ਸੰਨਿਆਸਾ' ਸ਼ਬਦ ਸ਼ੁਰੂ ਹੁੰਦੇ ਹਨ ਅਤੇ ਪੰਨਾ ਨੰ 712 ਤੱਕ ਦਰਜ ਹਨ

ਪੰਨਾ ਨੰ 712 ਤੋਂ ਹੀ ਇੱਕ ਹੋਰ ਰਚਨਾ ਸ਼ੁਰੂ ਹੁੰਦੀ ਹੈ ਜਿਸਦਾ ਪਹਿਲਾ ਸ੍ਵੈਯਾ ਬਹੁਤ ਮਕਬੂਲ ਹੈ। ਇਸਦਾ ਸਿਰਲੇਖ ਹੈ।

ੴ ਵਾਹਗੁਰੂ ਜੀ ਕੀ ਫਤੇ ਹੈ॥

ਸ੍ਰੀ ਮੁਖਵਾਕ ਪਾਤਸਾਹੀ 10 ਸਵੈਯਾ

ਜਾਗਤ ਜੋਤ ਜਪੈ ਨਿਸ ਬਾਸੁਰ...।

ਪੰਨਾ ਨੰ 716 ਤੇ ਪ੍ਰਸਿਧ ਸ੍ਵੈਯਾ 'ਜੁਧ ਜਿਤੇ ਇਨਹੀ ਕੇ ਪ੍ਰਸਾਦਿ' ਦਰਜ ਹੈ ਇਹ ਰਚਨਾ ਪੰਨਾ ਨੰ 717 ਤੇ ਸੰਪੂਰਨ ਹੋ ਜਾਂਦੀ ਹੈ।

ਪੰਨਾ ਨੰ 717 ਤੇ ਸ਼ਸਤ੍ਰ ਨਾਮ ਮਾਲਾ ਸ਼ੁਰੂ ਹੁੰਦੀ ਹੈ। ਸਿਰਲੇਖ ਹੈ

ੴ ਸ੍ਰੀ ਵਾਹਿਗੂਰੂ ਜੀ ਕੀ ਫਤੇ ਹੈ।

ਸ੍ਰੀ ਭਗਉਤੀ ਜੀ ਸਹਾਇ। ਅਥ ਸ੍ਰੀ ਸ਼ਸਤ੍ਰ ਨਾਮਮਾਲਾ ਪੁਰਾਣ ਲਿਖਯਤੇ॥

ਇਸ ਰਚਨਾ ਵਿੱਚ ਅਨੇਕਾਂ ਹੀ ਸ਼ਸਤ੍ਰਾ ਦੇ ਨਾਮ ਦਰਜ ਹਨ। ਇਹ ਇੱਕ ਲੰਬੀ ਰਚਨਾ ਹੈ ਜਿਸ ਵਿੱਚ ਇੱਕ ਇੱਕ ਸ਼ਸਤ੍ਰ ਦੇ ਅਨੇਕਾਂ ਨਾਮ ਦਰਜ ਹਨ। ਇਹ ਰਚਨਾ ਪੰਨਾ ਨੰ 808 ਤੇ ਸੰਪੂਰਨ ਹੋ ਜਾਂਦੀ ਹੈ।

ਪੰਨਾ ਨੰ 809 ਤੋਂ ਵਿਵਾਦਮਈ ਰਚਨਾ ਚਰਿਤ੍ਰ ਸ਼ੁਰੂ ਹੋ ਜਾਂਦੀ ਹੈ। ਸਿਰਲੇਖ ਹੈ-

ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥ ਸ੍ਰੀ ਭਗੌਤੀ ਏ ਨਮਹ

ਅਥ ਪਖਯਾਨ ਚਰਿਤ੍ਰ ਲਿਖਯਤੇ॥

ਇਹ ਰਚਨਾ 404 ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਵਿੱਚ ਕਈ ਥਾਈ ਅਸ਼ਲੀਲ ਕਹਾਣੀਆਂ ਦਾ ਵਰਣਨ ਹੈ

ਅਤੇ ਨਸ਼ੇ ਆਦਿ ਪਦਾਰਥਾਂ ਦਾ ਖੁਲ੍ਹ ਕੇ ਜ਼ਿਕਰ ਕੀਤਾ ਗਿਆ ਹੈ।

ਇਨ੍ਹਾਂ ਕਹਾਣੀਆਂ ਵਿੱਚ ਨਾ ਤਾਂ ਕੋਈ ਉਪਦੇਸ਼ ਹੈ ਅਤੇ ਨਾਹੀ ਕੋਈ ਗਿਆਨ ਦੀ ਗੱਲ ਹੈ। ਇਨ੍ਹਾਂ ਕਹਾਣੀਆਂ ਨੂੰ ਕੋਈ ਵੀ ਸੰਗਤ ਵਿੱਚ ਨਹੀਂ ਸੁਣਾ ਸਕਦਾ। ਇਸੇ ਲੜੀ ਦੀ ਆਖਰੀ ਕਥਾ ਵਿੱਚ ਵਿਸਨੂੰ ਅਤੇ ਰਾਕਸ਼ ਦੇ ਯੁੱਧ ਦਾ ਵਰਣਨ ਹੈ ਜਿਸਦਾ ਅੰਤ 'ਪੁਨਿ ਰਾਛਸ ਕਾ ਕਾਟਾ ਸੀਸਾ' ਦੇ ਬੰਦ ਵਿੱਚ ਕੀਤਾ ਗਿਆ ਹੈ। ਇਹ ਸਾਰੀ ਰਚਨਾ 1388 ਨੰ ਪੰਨੇ ਤਕ ਚਲਦੀ ਹੈ। ਇਸੇ ਰਚਨਾ ਵਿੱਚ ਪ੍ਰਸਿੱਧ ਚੋਪਈ 'ਹਮਰੀ ਕਰੋ ਹਾਥ ਕੇ ਰੱਛਾ' ਪੰਨਾ ਨੰ 1386 ਤੋਂ 1388 ਤੱਕ ਦਰਜ ਹੈ।

ਪੰਨਾ 1389 ਤੇ ਜ਼ਫਰਨਾਮਾ ਦਰਜ ਹੈ। ਸਿਰਲੇਖ ਹੈ।

ੴ ਹੁਕਮ ਸਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਜ਼ਫਰਨਾਮਹ ਸ੍ਰੀ ਮੁਖਵਾਕ ਪਾਤਿਸ਼ਾਹੀ 10॥

ਕਮਾਲੇ ਕਰਾਮਾਤ ..... ਕਰੀਮ।

ਜ਼ਫਰਨਾਮਾ 1428 ਨੰ ਪੰਨੇ ਤੇ ਸੰਪੂਰਨ ਹੋ ਜਾਂਦਾ ਹੈ।

ਜ਼ਫਰਨਾਮਾ ਉਹ ਪੱਤਰ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੀਨੇ ਕਾਂਗੜ ਤੋਂ ਔਰੰਗਜ਼ੇਬ ਦੇ ਨਾਮ ਲਿਖਿਆ ਸੀ। ਫਾਰਸੀ ਸਾਹਿਤ ਵਿੱਚ ਇਹ ਉਚ ਕੋਟੀ ਦੀ ਰਚਨਾ ਮੰਨੀ ਜਾਂਦੀ ਹੈ। ਇਸ ਵਿੱਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਉਸਦੇ ਸੂਬਿਆਂ ਵਲੋਂ ਕੀਤੀਆਂ ਵਧੀਕੀਆਂ ਦਾ ਜਿਕਰ ਕਰ ਕੇ ਉਸ ਨੂੰ ਬਹੁਤ ਖਰੀਆਂ ਗੱਲਾਂ ਸੁਣਾਈਆਂ ਹਨ। ਜ਼ਫਰਨਾਮਾ ਪੜ੍ਹ ਕੇ ਔਰੰਗਜ਼ੇਬ ਆਪਣੇ ਆਪ ਨੂੰ ਮਾਫ ਨਹੀਂ ਕਰ ਸਕਿਆ ਅਤੇ ਟੁਟੇ ਹੋਏ ਦਿਲ ਨਾਲ ਦੱਖਣ ਵਿੱਚ ਹੀ ਮਰ ਗਿਆ ਸੀ।


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955


## ਗੁਰਮੁਖ ਢੂਂਢ ਢੂਂਢੇਦਿਆਂ ( Free Matrimonial Service )

**SUITABLE** match for Girl (D.O.B. 28-12-1966 / 5'-4"), fair & slim. B.A., M.A. in literature (English), having experience at handling the computer at an official level as well as accounts. Innocently divorced-marriage lasted for a couple of months (issueless) Iranian Nationality. Currently living with parents. Father is a businessman (Teheran - Iran), mother is a house wife. Has two sisters who are well settled, elder sister is in Chandigarh and younger is settled in Canada. Only brother is settled in Chandigarh.
**Contact :** House No. 1417, Sector-34/C, Chandigarh **Phone :** 0172-647670.

**SUITABLE** match for Ramgarhia Girl (D.O.B. 05-03-1976 / 5'-4"), whitish complexion, sharp features, slim and only daughter. B.A. (Arts.), 1 year diploma in nursery teacher training, 6 months diploma course of medical transcription, database course, and doing E-Com. package. Working as medical terminology trainer in reputed company. Mother is working as S. Science Mistress in Govt. School at Chandigarh.
**Contact :** House No. HM 21, Phase 3B-1, Mohali **Phone :** 0172-260512

# ਪੁਰਾਤਨ ਰਾਗੀ - ਪਾਲਾ ਸਿੰਘ

**ਗੁਰਚਰਨ ਸਿੰਘ**

250, ਫੇਜ਼-1, ਮੋਹਾਲੀ

ਸਾਡੇ ਇੱਕ ਮਾਸੜ ਜੀ ਹੁੰਦੇ ਸਨ- 'ਰਾਗੀ' ਪਾਲਾ ਸਿੰਘ। ਰਿਸ਼ਤੇਦਾਰ ਗੱਲਾਂ ਬਾਤਾਂ ਕਰਦਿਆਂ ਉਹਨਾਂ ਨੂੰ ਸਿਰਫ 'ਰਾਗੀ' ਨਾਂ ਨਾਲ ਹੀ ਸੰਬੋਧਿਤ ਕਰਦੇ ਅਤੇ ਦੂਜੇ ਨੂੰ ਪਤਾ ਹੁੰਦਾ ਕਿ ਗੱਲ ਪਾਲਾ ਸਿੰਘ 'ਰਾਗੀ' ਦੀ ਹੋ ਰਹੀ ਹੈ। ਮੇਰੀਆਂ ਯਾਦਾਂ ਉਹਨਾਂ ਨਾਲ ਬਚਪਨ ਤੋਂ ਜੁੜੀਆਂ ਹੋਈਆਂ ਹਨ। ਜਦੋਂ ਗਰਮੀਆਂ ਦੀਆਂ ਛੁੱਟੀਆਂ ਹੋਣੀਆਂ ਤਾਂ ਮੈਂ ਆਪਣੀ ਮਾਂ ਨਾਲ ਆਪਣੇ ਨਾਨਕੀਂ ਜਾਂਦਾ ਹੁੰਦਾ। ਅਸੀਂ ਤਪੇ ਸਟੇਸ਼ਨ ਤੇ ਗੱਡੀਓਂ ਉੱਤਰ ਕੇ ਪਹਿਲਾਂ ਤਪੇ ਸਾਡੇ ਕੁਝ ਰਿਸ਼ਤੇਦਾਰਾਂ ਕੋਲ ਦੁਪਹਿਰਾਂ ਜਾਂ ਰਾਤ ਕਟਦੇ ਤੇ ਫੇਰ ਮਾਸੀ ਦੇ ਪਿੰਡ ਪੱਖੋਂ ਜਾ ਕੇ ਇੱਕ ਜਾਂ ਦੋ ਦਿਨ ਰਹਿੰਦੇ। ਇਹ ਪਿੰਡ ਨਾਨਕਿਆਂ ਦੇ ਰਾਹ ਵਿੱਚ ਪੈਂਦਾ ਸੀ।

ਮਾਸੀ ਦੇ ਇਸ ਪਿੰਡ ਨਾਲ ਮੇਰੀ ਖਿੱਚ ਕੁਝ ਕਾਰਨਾਂ ਕਰਕੇ ਸੀ। ਇੱਕ ਤਾਂ ਮਾਸੀ ਦੇ ਹੱਥ ਦੀਆਂ ਮਿੱਸੀਆਂ ਰੋਟੀਆਂ ਤੇ ਤੌੜੀ ਵਾਲੀ ਦਾਲ ਅਤੇ ਦੂਜੀ ਵੱਡੀ ਖਿੱਚ ਸਾਡੇ ਮਾਸੜ 'ਰਾਗੀ' ਪਾਲਾ ਸਿੰਘ ਦੀਆਂ ਗੱਲਾਂ ਤੇ ਸਿੱਖਿਆ। ਉਹਨਾਂ ਦੇ ਖੀਸੇ ਵਿੱਚ ਹਮੇਸ਼ਾ ਮਿਸਰੀ, ਛੋਟੀਆਂ ਇਲਾਇਚੀਆਂ, ਪਿਸਤੇ ਤੇ ਬਦਾਮ ਵਗੈਰਾ ਹੁੰਦੇ। ਸਾਨੂੰ ਬੱਚਿਆਂ ਨੂੰ (ਉਹਨਾਂ ਦੇ ਇੱਕ ਪੁੱਤਰ ਤੇ ਧੀ ਮੇਰੇ ਹਾਣ ਦੇ ਸਨ) ਇਹ ਝਾਕ ਰਹਿੰਦੀ, ਕਦੋਂ ਉਹ ਆਪਣੇ ਖੀਸੇ ਵਿੱਚ ਹੱਥ ਪਾਉਣ ਤੇ ਸਾਨੂੰ ਕੁਝ ਖਾਣ ਨੂੰ ਮਿਲੇ। ਗਰਮੀਆਂ ਵਿੱਚ ਉਹ ਸਰਦਾਈ ਜਾਂ ਠੰਢਿਆਈ ਵੀ ਰਗੜ ਕੇ ਪੀਂਦੇ ਅਤੇ ਪਿਆਉਂਦੇ ਹੁੰਦੇ। ਉਹ ਸਾਨੂੰ ਬਿਠਾ ਕੇ ਸਾਖੀਆਂ ਸੁਣਾਉਂਦੇ, ਗੁਰੂਆਂ ਦੇ ਕਾਰਨਾਮਿਆਂ ਤੇ ਕੁਰਬਾਨੀਆਂ ਬਾਰੇ ਦੱਸਦੇ ਤੇ ਕਦੇ ਕਦੇ ਜਦੋਂ ਉਹਨਾਂ ਦਾ ਜੀ ਕਰਦਾ ਵਾਜੇ ਉੱਤੇ ਸ਼ਬਦ ਗਾ ਕੇ ਵੀ ਸੁਣਾਉਂਦੇ। ਸਿਆਣੀ ਉਮਰ ਵਿੱਚ ਉਹਨਾਂ ਦੇ ਹੱਥ ਕੰਬਣ ਲੱਗ ਪਏ ਸਨ ਪਰ ਜਦੋਂ ਉਹ ਹਾਰਮੋਨੀਅਮ ਦੀਆਂ ਸੁਰਾਂ ਦੱਬ ਕੇ ਕੀਰਤਨ ਕਰਦੇ ਤਾਂ ਹੱਥ ਬਿਲਕੁਲ ਨਹੀਂ ਸਨ ਕੰਬਦੇ। ਉਹਨਾਂ ਦੀ ਆਵਾਜ਼ ਬੜੀ ਖੁਲ੍ਹੀ ਤੇ ਬੁਲੰਦ ਹੁੰਦੀ ਸੀ ਤੇ ਜਦੋਂ ਉੱਚੀ ਆਵਾਜ਼ ਵਿੱਚ ਸ਼ਬਦ ਗਾਉਂਦੇ ਤਾਂ ਮੇਰੀ ਛੋਟੀ ਸੋਚ ਨੂੰ ਹੈਰਾਨੀ ਹੁੰਦੀ ਕਿ ਉਹ ਏਨੀ ਉੱਚੀ ਆਵਾਜ਼ ਵਿੱਚ ਕਿਉਂ ਗਾਉਂਦੇ ਹਨ। ਕਿਉਂਕਿ ਅਸੀਂ ਤਾਂ ਉਹਨਾਂ ਦੇ ਬਿਲਕੁਲ ਨੇੜੇ ਬੈਠੇ ਹੁੰਦੇ ਤੇ ਹੋਰ ਨੇੜੇ ਤੇੜੇ ਉਹਨਾਂ ਨੂੰ ਸੁਨਣ ਵਾਲਾ ਕੋਈ ਨਾ ਹੁੰਦਾ। ਪਰ ਪਿੱਛੋਂ ਜਾ ਕੇ ਪਤਾ ਲੱਗਾ ਕਿ ਇਸ ਦਾ ਕੀ ਕਾਰਨ ਸੀ।

ਉਹਨਾਂ ਬਾਰੇ ਇੱਕ ਗੱਲ ਮਸ਼ਹੂਰ ਸੀ ਕਿ ਉਹ ਜਦੋਂ ਅੰਮ੍ਰਿਤ ਵੇਲੇ ਚਾਰ ਵਜੇ ਕਿਸੇ ਪਿੰਡ ਦੇ ਗੁਰਦੁਆਰੇ ਜਾਂ ਘਰ ਵਿੱਚ ਆਸਾ ਦੀ ਵਾਰ ਦਾ ਕੀਰਤਨ ਕਰਿਆ ਕਰਦੇ ਤਾਂ ਦੋ ਤਿੰਨ ਕੋਹ ਤਾਈਂ ਪਿੰਡਾਂ ਵਿੱਚ ਟਿਕੀ ਰਾਤ ਨੂੰ ਉਹਨਾਂ ਦੀ ਆਵਾਜ਼ ਸਾਫ ਸੁਣਾਈ ਦਿੰਦੀ ਹੁੰਦੀ। ਉਸ ਜ਼ਮਾਨੇ ਵਿੱਚ ਪਿੰਡਾਂ ਵਿੱਚ ਸਪੀਕਰ ਨਹੀਂ ਸਨ ਹੁੰਦੇ। ਸੋ ਰਾਗੀ ਸਿੰਘ ਲੋਕਾਂ ਤਕ ਗੁਰਬਾਣੀ ਦੇ ਸ਼ਬਦ ਉੱਚੀ ਸੁਰ ਵਿੱਚ ਬੁਲੰਦ ਆਵਾਜ਼ ਰਾਗੀ ਗਾ ਕੇ ਪਹੁੰਚਾ ਸਕਦੇ ਸਨ। ਆਮ ਪਿੰਡ ਦੇ ਲੋਕਾਂ ਵਿੱਚ ਅਥਾਹ ਸ਼ਰਧਾ ਹੁੰਦੀ ਸੀ। ਜਦੋਂ ਪਿੰਡ ਦੇ ਕਿਸੇ ਬਜ਼ੁਰਗ ਨੂੰ ਸਵੇਰੇ ਸਵੇਰੇ ਕੀਰਤਨ ਦੀ ਮਿੱਠੀ ਆਵਾਜ਼ ਕੰਨਾਂ ਵਿੱਚ ਪੈਂਦੀ ਤਾਂ ਉਹ ਟੱਬਰ ਦੇ ਜੀਆਂ ਨੂੰ ਜਗਾ ਕੇ ਇਸ਼ਨਾਨ ਕਰਕੇ ਤਿਆਰ ਹੋਕੇ ਉਸ ਪਿੰਡ, ਘਰ ਜਾਂ ਗੁਰਦੁਆਰੇ ਪਹੁੰਚਣ ਲਈ ਕਹਿੰਦੇ। ਸਾਰਾ ਪਰਿਵਾਰ ਸ਼ਰਧਾ ਨਾਲ ਪਹੁੰਚਦਾ। ਵਿਤ ਅਨੁਸਾਰ ਆਟਾ, ਦਾਲਾਂ ਜਾਂ ਹੋਰ ਰਸਦ ਲੰਗਰ ਲਈ ਲਿਜਾ ਮੱਥਾ ਟੇਕਦੇ। ਅਜ ਕਲ ਆਮ ਦੇਖਣ ਵਿੱਚ ਆਉਂਦਾ ਹੈ ਕਿ ਕੀਰਤਨੀ ਜਥਾ ਤਿੰਨ ਸਿੰਘਾਂ ਦਾ ਹੁੰਦਾ ਹੈ ਪਰ ਉਹਨਾਂ ਸਮਿਆਂ ਵਿੱਚ ਰਾਗੀ ਇਕੱਲਾ ਜਾਂ ਦੋ ਜਾਂ ਤਿੰਨ ਸਿੰਘਾਂ ਦਾ ਵੀ ਜਥਾ ਹੋਇਆ ਕਰਦਾ ਸੀ। ਪਾਲਾ ਸਿੰਘ ਵਰਗੇ ਰਾਗੀ ਲੋੜ ਅਨੁਸਾਰ ਇਕੱਲੇ ਵੀ ਹਾਰਮੋਨੀਅਮ ਤੇ ਕੀਰਤਨ ਕਰਦੇ ਸ਼ਬਦ ਗਾਉਂਦੇ ਜਾਂ ਕਦੇ ਕਿਸੇ ਢੋਲਕੀ ਅਤੇ ਛੈਣੇ ਵਾਲੇ ਸਿੰਘਾਂ ਨੂੰ ਵੀ ਸੰਗਤ ਲਈ ਨਾਲ ਮਿਲਾ ਲਿਆ ਕਰਦੇ। ਸਾਖੀਆਂ ਸੁਣਾਉਂਦਿਆਂ ਵਿੱਚੋਂ ਧਾਰਨਾਵਾਂ ਗਾਉਂਦਿਆਂ ਬੜਾ ਚੰਗਾ ਰੰਗ ਬੰਨ੍ਹਦੇ ਅਤੇ ਲੋਕਾਂ ਨੂੰ ਅਥਾਹ ਸ਼ਰਧਾ ਨਾਲ ਝੂਮਣ ਲਾ ਦਿੰਦੇ।

ਬਚਪਨ ਦੀਆਂ ਯਾਦਾਂ ਚੇਤੇ ਕਰਦਿਆਂ ਮਾਸੜ ਪਾਲਾ ਸਿੰਘ 'ਰਾਗੀ' ਦਾ ਰੂਹਾਨੀ ਚੇਹਰਾ ਅਜ ਵੀ ਪ੍ਰਤੱਖ ਸਾਹਮਣੇ

ਆ ਜਾਂਦਾ ਹੈ। ਗੋਰਾ ਚਿੱਟਾ ਜਿਹੜਾ ਗਰਮੀਆਂ ਵਿੱਚ ਲਾਲ ਹੋ ਜਾਇਆ ਕਰਦਾ ਸੀ। ਚਿੱਟੀ ਬਰਫ਼ ਵਰਗੀ ਲੰਮੀ ਤੇ ਭਰਵੀਂ ਦਾੜ੍ਹੀ। ਉਹ ਜਦੋਂ ਹਸਦੇ ਸਨ ਤਾਂ ਉਹਨਾਂ ਦੇ ਸੁਹਣੇ ਨੱਕ ਦੇ ਦੋਹੀਂ ਪਾਸੀਂ ਦੋ ਦੋ ਲਕੀਰਾਂ ਜਿਹੀਆਂ ਉੱਭਰ ਆਉਂਦੀਆਂ ਸਨ। ਹਾਸਾ ਨਿਰੋਲ ਬੱਚਿਆਂ ਵਰਗਾ ਤੇ ਨਿਰਛਲ। ਉਹ ਅਕਸਰ ਨੀਲੀ ਟਗਰ ਦੀ ਦਸਤਾਰ ਬੰਨ੍ਹਦੇ, ਚਿੱਟਾ ਕਲੀਆਂ ਵਾਲਾ ਲੰਮਾ ਕੁੜਤਾ ਤੇ ਕਛਹਿਰਾ ਪਹਿਨਦੇ ਸਨ। ਕੀਰਤਨ ਕਰਨ ਵੇਲੇ ਉਹ ਪਾਜਾਮਾ ਵੀ ਪਹਿਨਦੇ। ਕਾਲੇ ਗਾਤਰੇ ਵਾਲੀ ਕਿਰਪਾਨ ਚਿੱਟੇ ਕੁੜਤੇ ਉੱਤੋਂ ਦੀ ਬੜੀ ਸੁਹਣੀ ਲਗਦੀ ਜਿਸ ਨੂੰ ਉਹ ਗੱਲਾਂ ਕਰਦਿਆਂ ਵਾਰ ਵਾਰ ਪਲੋਸਦੇ ਰਹਿੰਦੇ।

ਪਾਲਾ ਸਿੰਘ ਰਾਗੀ ਵਰਗਾ ਉਹਨਾਂ ਦਿਨਾਂ ਵਿੱਚ ਅੱਠ ਦਸ ਪਿੰਡਾਂ ਵਿੱਚ ਕੋਈ ਇੱਕ ਅੱਧਾ ਹੀ ਰਾਗੀ ਹੁੰਦਾ। ਉਹ ਆਪਣੀ ਲਗਨ ਤੇ ਮਿਹਨਤ ਸਦਕਾ ਕਿਸੇ ਰਾਗੀ ਤੋਂ ਅਜਿਹੀ ਸਿੱਖਿਆ ਲੈਂਦੇ ਅਤੇ ਫੇਰ ਸ਼ਰਧਾ, ਅਭਿਆਸ ਅਤੇ ਗੁਰਬਾਣੀ ਗਿਆਨ ਰਾਹੀਂ ਕੀਰਤਨ ਦੀ ਸਮਰੱਥਾ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ। ਗੁਰਬਾਣੀ ਅਤੇ ਮਰਿਯਾਦਾ ਅਨੁਸਾਰ ਪੂਰੇ ਤਨੋਂ ਮਨੋਂ ਸਾਫ-ਸੁਥਰਾ ਜੀਵਨ ਬਤੀਤ ਕਰਦੇ ਤਾਂ ਕਿ ਲੋਕ ਉਹਨਾਂ ਦਾ ਕਿਰਦਾਰ ਦੇਖ ਕੇ ਕੁਝ ਚੰਗਾ ਸਿਖ ਸਕਣ।

ਉਹਨਾਂ ਦੀਆਂ ਕੁਝ ਕੁ ਧਾਰਨਾਵਾਂ ਮੈਨੂੰ ਅਜ ਵੀ ਯਾਦ ਹਨ-

ਮਿੱਠਾ ਬੋਲਦੇ ਤੇ ਨੀਵੇਂ ਹੋ ਕੇ ਚਲਦੇ
ਵੱਡੇ ਸਿੱਖ ਗੁਰੂ ਗੁਬਿੰਦ ਦੇ।

ਜਦੋਂ ਉਹ ਗੁਰੂ ਗੋਬਿੰਦ ਸਿੰਘ ਦੀਆਂ ਸਾਖੀਆਂ ਸੁਣਾਉਂਦੇ ਤਾਂ ਧਾਰਨਾ ਗਾਉਂਦੇ-

ਦਿਲ ਰੱਖੀਏ ਪਹਾੜਾਂ ਵਰਗੇ ਮਸਤੀ ਸ਼ੇਰਾਂ ਦੀ।

ਜਦੋਂ ਰੱਬ ਦੀ ਰਹਿਮਤ ਤੇ ਕੁਦਰਤ ਦੀਆਂ ਗੱਲਾਂ ਕਰਦੇ-

ਤੂੰ ਕਿਹੜਿਆਂ ਰੰਗਾਂ ਵਿੱਚ ਖੇਡਦਾ
ਮੈਂ ਕੀ ਜਾਣਾ ਕੁਦਰਤ ਤੇਰੀ।

ਤੇਰੇ ਘਰ ਹੈ ਵਾਹਿਗੁਰੂ ਆਇਆ
ਸੁੱਤਿਆ ਤੂੰ ਜਾਗ ਬੰਦਿਆ।

ਤੂੰ ਲੱਗ ਜਾ ਗੁਰਾਂ ਦੇ ਚਰਨੀਂ
ਸੋਨਾ ਹੋ ਜੀਂ ਬਾਰਾਂ ਵੰਨੀ ਦਾ।

ਲੱਗ ਜਾ ਗੁਰਾਂ ਦੇ ਚਰਨੀਂ
ਪਾਪ ਧੋ ਲੈ ਪਾਪੀ ਬੰਦਿਆ।

ਸਾਡੇ ਗੁਰਾਂ ਨੇ ਜਹਾਜ ਬਣਾਇਆ
ਆ ਜੋ ਜੀਹਨੇ ਪਾਰ ਲੰਘਣਾ।

ਰਹਿ ਜਾਣਗੇ ਨਕਰਮੀ ਬੰਦੇ
ਨਸੀਬਾਂ ਵਾਲੇ ਚੜ੍ਹ ਜਾਣਗੇ।

ਕੋਇਲ ਘੁੱਗੀਆਂ ਕਬੂਤਰ ਤੋਤੇ
ਗੁਰੂ ਜੀ ਤੇਰਾ ਨਾਮ ਜਪਦੇ।

ਪਰਹਿਲਾਦ ਭਗਤ ਦੀ ਸਾਖੀ ਸੁਣਾਉਂਦਿਆਂ:

ਪਾ ਲੈ ਤੱਤਿਆਂ ਥੰਮ੍ਹਾਂ ਨੂੰ ਜੱਫੀਆਂ
ਦੇਖੂੰ ਮੈਂ ਤੇਰਾ ਰਾਮ ਰੱਖ ਲੂ।

ਫੇਰ ਸਧਨੇ ਕਸਾਈ ਦੀ ਸਾਖੀ ਸੁਣਾਉਂਦਿਆਂ ਵਿੱਚ ਵਿੱਚ:

ਏਥੇ ਸਾਧਨੇ ਕਸਾਈ ਜੇਹੇ ਤਰ ਗੇ
ਸਾਡੀ ਵਾਰੀ ਕਦੋਂ ਆਊਗੀ।

ਅੱਲਾ ਵਾਹਿਗੁਰੂ ਖੁਦਾ ਦਾ' ਨਾਮ ਏਕੋ
ਭਰਮਾਂ' ਚ ਵਹਿਗੀ ਦੁਨੀਆਂ।

ਅੱਜ ਕਲ ਵੀ ਕੁਝ ਸੰਤ ਅਤੇ ਕੀਰਤਨੀ ਜਥੇ ਪੁਰਾਣੀਆਂ ਗੀਤਾਂ ਅਨੁਸਾਰ ਧਾਰਨਾਵਾਂ ਵਾਲੇ ਸ਼ਬਦ ਗਾਇਨ ਕਰਦੇ ਹਨ। ਇੰਜ ਲਗਦਾ ਹੈ ਜਿਵੇਂ ਕੀਰਤਨ ਦਾ ਪੁਰਾਣਾ ਵਿਰਸਾ ਲੋਕ ਸਾਂਭ ਕੇ ਰੱਖਣਾ ਚਾਹੁੰਦੇ ਹਨ। 'ਕਲਜੁਗ ਮੇਂ ਕੀਰਤਨ ਪਰਧਾਨਾ' ਅਨੁਸਾਰ, ਜੋ ਲੋਕਾਂ ਦੀ ਧਾਰਮਿਕ ਸੋਚ ਵਿੱਚ ਕੁਝ ਚੰਗੇਰਾ ਵਾਧਾ ਹੋ ਸਕਦਾ ਹੈ ਤਾਂ ਉਹ ਕੀਰਤਨ ਰਾਹੀਂ ਬਹੁਤਾ ਸੰਭਵ ਹੈ। ਕਿਉਂਕਿ ਸੰਗੀਤਮਈ ਕੀਰਤਨ ਮਨ ਦੀਆਂ ਗਹਿਰਾਈਆਂ ਤਕ ਨੂੰ ਛੂਹ ਜਾਂਦਾ ਹੈ। ਉਂਜ ਵੀ ਆਦਿ ਕਾਲ ਤੋਂ ਸੰਗੀਤ ਮਨੁੱਖੀ ਜੀਵਨ ਦਾ ਇੱਕ ਖਾਸ ਹਿੱਸਾ ਰਿਹਾ ਹੀ ਹੈ। ਗੁਰੂਆਂ ਨੇ ਗੁਰਬਾਣੀ ਰਾਗਾਂ ਦੇ ਆਧਾਰ ਤੇ ਰਚਨਾ ਕਰਕੇ ਮਨੁੱਖ ਤੇ ਵੱਡਾ ਪਰਉਪਕਾਰ ਕੀਤਾ ਹੈ। ਸਮੇਂ ਅਨੁਸਾਰ ਕੀਰਤਨ ਦੀ ਟਕਸਾਲ ਵਿੱਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਅਤੇ ਕੀਰਤਨ ਦਾ ਪੁਰਾਤਨ ਵਿਰਸਾ ਸਾਂਭ ਕੇ ਰੱਖਣਾ ਕੀਰਤਨੀਆਂ ਦਾ ਫਰਜ਼ ਹੈ। ਅਜ ਕਲ ਕੀਰਤਨ ਹੋਰ ਸੰਗੀਤਮਈ ਹੁੰਦਾ ਜਾ ਰਿਹਾ ਹੈ। ਮਾਡਰਨ ਟੈਕਨੋਲੋਜੀ ਰਾਹੀਂ ਸਿਰਫ ਬਟਨ ਦੱਬ ਕੇ ਚੌਵੀ ਘੰਟੇ ਮਨ ਪਸੰਦ ਕੀਰਤਨ ਸੁਣ ਅਤੇ ਦੇਖ ਸਕਦੇ ਹਾਂ। ਪਿੱਛੇ ਜਿਹੇ ਕਿਸੇ ਦੋਸਤ ਨੇ ਇੱਕ ਟੇਪ ਦਿੱਤੀ ਜਿਸ ਵਿੱਚ ਅੰਗਰੇਜ਼ੀ ਧੁਨਾਂ ਤੇ ਅਤੇ ਅੰਗਰੇਜ਼ੀ ਧੁਨਾਂ ਤੇ ਅਤੇ ਅੰਗਰੇਜ਼ੀ ਵਿੱਚ ਵੀ ਕੀਰਤਨ ਜਾਂ ਸ਼ਬਦ ਗਾਇਨ ਸੀ। ਪਤਾ ਨਹੀਂ ਇਹੋ ਜਿਹੀਆਂ ਤਬਦੀਲੀਆਂ ਭਵਿਖ ਵਿੱਚ ਚੰਗਾ ਜਾਂ ਮਾੜਾ ਅਸਰ ਪਾਉਣਗੀਆਂ ਆਉਣ ਵਾਲਾ ਸਮਾਂ ਹੀ ਦੱਸੇਗਾ।


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਸਰਬ ਦਇਆ

## ਬਲਵਿੰਦਰ ਸਿੰਘ

658-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

ਪਉਣ, ਪਾਣੀ, ਬੈਸੰਤਰ ਤੇ ਧਰਤੀ ਨੂੰ ਪ੍ਰਮਾਤਮਾ ਨੇ ਸਭਨਾਂ ਲਈ ਇੱਕੋ ਜਿਹਾ ਬਣਾਇਆ। ਹੈ। ਸਭਨਾ ਦੇ ਸਿਰ ਤੇ ਇੱਕੋ ਜਿਹੇ ਆਕਾਸ਼ ਦੀ ਛਤ ਉਸ ਨੇ ਛਾਈ ਹੈ। ਮਨੁੱਖ ਜਾਤੀ ਨੂੰ ਇਹ ਦਾਤਾਂ ਦੇਣ ਵਿੱਚ ਵਾਹਿਗੁਰੂ ਨੇ ਕਿਤੇ ਵੀ ਵਿਤਕਰਾ ਜਾਂ ਇਤਫਰਕਾ ਨਹੀਂ ਕੀਤਾ। ਹਰ ਜੀਵ ਜੰਤੂ ਲਈ ਉਸ ਨੇ ਪੱਕਾ ਤੇ ਮਜ਼ਬੂਤ ਇੰਤਜ਼ਾਮ ਕੀਤਾ ਹੈ। ਮਨੁੱਖ ਦਾਤਾਰ ਪ੍ਰਭੂ ਨੂੰ ਭੁੱਲ ਕੇ ਬੁੱਧ ਤੇ ਚਤਰਾਈ ਨਾਲ ਬਹੁਤ ਕੁਝ ਇਕੱਠਾ ਕਰ ਲੈਂਦਾ ਹੈ। ਇਹ ਸਭ ਉਸ ਦੀ ਲੋੜ ਤੋਂ ਕਈ ਗੁਣਾ ਵਧੀਕ ਹੈ। ਇੱਕ ਬਨਾਵਟੀ ਜਿਹੀ ਘਾਟ ਨੂੰ ਪੈਦਾ ਕਰਕੇ ਉਹ ਹੋਰਨਾਂ ਨੂੰ ਆਪਣੇ ਅਧੀਨ ਕਰ ਉਸ ਦਾ ਸੁਆਦ ਮਾਣਦਾ ਅਤੇ ਉਹ ਹੋਰਨਾਂ ਨੂੰ ਆਪਣੇ ਅਧੀਨ ਕਰ ਉਸ ਦਾ ਸੁਆਦ ਮਾਣਦਾ ਅਤੇ ਦੇਣਹਾਰ ਦਿਆਵਾਨ ਦਾਤਾਰ ਨੂੰ ਵਿਸਾਰ ਬਹਿੰਦਾ ਹੈ। ਮਨੁੱਖ ਆਪ ਹੀ ਦਾਤਾਰ ਬਣ ਜਾਂਦਾ ਹੈ। ਇਸ ਨਾਲ ਉਹ ਸਤਿਗੁਰ ਆਕਾਲ ਪੁਰਖ ਦੀ ਨਜ਼ਰ ਵਿੱਚ ਮੂੜ੍ਹ ਤੇ ਗਵਾਰ ਬਣ ਜਾਂਦਾ ਹੈ।

ਗਗਨ ਤੋਂ ਮੀਂਹ ਵਸਦਾ ਹੈ ਤਾਂ ਉਹ ਟੋਇਆਂ ਸਮਤਲ ਮੈਦਾਨਾਂ ਅਤੇ ਖੇਤਾਂ ਤੇ ਖਲਿਆਨਾਂ ਤੇ ਇੱਕੋ ਜਿਹਾ ਵਸਦਾ ਹੈ। ਟਿੱਬੇ ਇਸ ਰਹਿਮਤ ਨੂੰ ਸੰਭਾਲ ਨਹੀਂ ਸਕਦੇ। ਸਾਰਾ ਜਲ ਟੋਇਆਂ ਵਿੱਚ ਆ ਇਕੱਤਰ ਹੁੰਦਾ ਹੈ। ਬਿਲਕੁਲ ਇਸੇ ਹੀ ਤਰ੍ਹਾਂ ਵਾਹਿਗੁਰੂ ਦੀ ਮਿਹਰ ਤੇ ਦਇਆ ਸਭ ਤੇ ਇਕੋ ਜਿਹੀ ਵਸਦੀ ਹੈ। ਹੰਕਾਰ ਦੇ ਕਿੰਗਰੇ ਉੱਤੇ ਚੜ੍ਹੇ ਹੋਏ ਮਨੁੱਖਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਦੂਜਿਆਂ ਦਾ ਹੱਕ ਖੋਹ ਕੇ ਆਪਣੇ ਆਪ ਨੂੰ ਵੱਡਾ ਸਾਬਤ ਕਰਨ ਲਈ ਚਾਲਾਕੀਆਂ ਤੇ ਚਤੁਰਾਈਆਂ ਨਾਲ ਜਿਹੜੀ ਦੌਲਤ ਇਕੱਠੀ ਕਰ ਰਹੇ ਹਨ, ਉਸ ਦੇ ਬਦਲੇ ਉਹ ਕਿਤਨਾ ਕੁਝ ਹੋਰ ਕੀਮਤੀ ਗੁਆ ਚੁੱਕੇ ਹੁੰਦੇ ਹਨ। ਨਿਮਰਤਾ ਵਾਲੇ ਪਵਿੱਤਰ ਪ੍ਰਾਣੀ ਨੀਵੀਂ ਥਾਂ ਤੇ ਸਥਿਤ ਟੋਇਆਂ ਵਾਂਗੂ ਆਪਣੇ ਸੁਭਾਅ ਕਾਰਨ ਸਾਰੀ ਦੀ ਸਾਰੀ ਰਹਿਮਤ ਆਪਣੀ ਝੋਲੀ ਵਿੱਚ ਪੁਆ ਲੈਂਦੇ ਹਨ। ਇਸੇ ਹੀ ਭਾਵਨਾ ਨੂੰ ਗੁਰਬਾਣੀ ਵਿੱਚ ਇਸ ਪ੍ਰਕਾਰ ਕਿਹਾ ਗਿਆ ਹੈ ਕਿ ਜੋ ਆਪਣੇ ਆਪ ਨੂੰ ਨੀਵਾਂ ਤੇ ਨਿਮਾਣਾ ਸਮਝਦੇ ਹਨ ਦਰਅਸਲ ਉਹੀ ਸਭ ਤੋਂ ਉੱਚੇ ਹਨ ਤੇ ਜਿਹੜੇ ਮਨੁੱਖ ਆਪਣੇ ਹੀ ਗੁਣ ਗਾਉਂਦੇ ਰਹਿੰਦੇ ਹਨ ਜਾਂ ਆਪਣੇ ਆਲੇ ਦੁਆਲੇ ਅਜਿਹੇ ਹਾਲਾਤ ਪੈਦਾ ਕਰ ਲੈਂਦੇ ਹਨ ਕਿ ਉਹ ਆਪਣੀ ਮਹਿਮਾ ਸੁਣ ਸਕਣ। ਐਸੇ ਮਨੁੱਖਾਂ ਨੂੰ ਭਲਾ ਕਹਿਣਾ ਤਾਂ ਦੂਰ ਦੀ ਗੱਲ ਹੈ, ਭਲਾਈ ਉਹਨਾਂ ਦੇ ਨੇੜਿਉਂ ਹੋ ਕੇ ਵੀ ਨਹੀਂ ਲੰਘਦੀ। ਹੁਕਮ ਹੈ:

*ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ ਨਿਕਟਿ ਨ ਆਵੈ॥*
*ਸਰਬ ਕੀ ਰੇਨ ਜਾਕਾ ਮਨੁ ਹੋਇ॥ ਕਹੁ ਨਾਨਕ ਤਾ ਕੀ ਨਿਰਮਲ ਸੋਇ॥*

ਇਹ ਗੱਲ ਬੜੀ ਕੁਦਰਤੀ ਹੈ ਕਿ ਜਿਹੜਾ ਮਨੁੱਖ ਆਪਣੀ ਉਸਤਤ ਤੇ ਮਹਿਮਾ ਆਪ ਕਰਦੇ ਹਨ ਉਸ ਦੇ ਸੁਣਨ ਲਈ ਵੀ ਚਾਹਵਾਨ ਰਹਿੰਦੇ ਹਨ। ਉਹ ਇੱਕ ਬੜੇ ਵੱਡੇ ਮਨੁੱਖੀ ਔਗੁਣ ਦਾ ਸਦਾ ਹੀ ਸ਼ਿਕਾਰ ਰਹਿੰਦੇ ਹਨ ਤੇ ਉਹ ਦੂਜਿਆਂ ਦੀ ਨਿੰਦਾ ਕਰਦੇ ਵੀ ਹਨ ਤੇ ਨਿੰਦਾ ਸੁਣ ਕੇ ਖੁਸ਼ ਵੀ ਹੁੰਦੇ ਹਨ।

ਗੁਰੂ ਘਰ ਅਤੇ ਆਕਾਲ ਪੁਰਖ ਦੀ ਨਜ਼ਰ ਸਭਨਾਂ ਉੱਤੇ ਇਕੋ ਜਿਹੀ ਪੈਂਦੀ ਹੈ। ਇਸ ਵਿਚਾਰ ਦੀ ਦ੍ਰਿੜਤਾ ਅਨਗਿਣਤ ਵਾਰ ਗੁਰਬਾਣੀ ਵਿੱਚ ਕਰਾਈ ਗਈ ਹੈ। *"ਸਭੇ ਜੀਅ ਸਮਾਲਿ ਅਪਣੀ ਮਿਹਰ ਕਰ॥" ਜਾ ਸਭਨਾ ਜੀਆ ਕਾ ਇਕੋ ਦਾਤਾ॥"* ਇਸੇ ਪ੍ਰਕਾਰ *"ਸਭਨਾ ਨੂੰ ਕਿਰਪਾਲ ਸਮਾਲੇ॥"* ਵਾਹਿਗੁਰੂ ਦੀ ਨਿਗਾਹ ਤੋਂ ਕੋਈ ਪਰੋਖਾ ਜਾਂ ਦੂਰ ਨਹੀਂ ਹੈ। ਉਹ ਸਾਰਿਆਂ ਉੱਤੇ ਮੀਂਹ ਦੇ ਪਾਣੀ ਅਤੇ ਸੂਰਜ ਦੀ ਗਰਮੀ ਵਾਂਗ ਇੱਕੋ ਜਿਹਾ ਪੈਂਦਾ ਹੈ। ਦਇਆ ਦਾ ਖਜ਼ਾਨਾ ਦਿਆਲ ਅਕਾਲ ਪੁਰਖ ਸਭਨਾਂ ਉੱਤੇ ਇੱਕੋ ਜਿਹੀ ਦਇਆ ਕਰਦਾ ਹੈ। ਗੁਰੂ ਨਾਨਕ ਦੇਵ ਜੀ ਇੱਕ ਬੜਾ ਹੀ ਸੁੰਦਰ ਵਿਚਾਰ ਦਿੰਦੇ ਹਨ। ਵਾਹਿਗੁਰੂ ਦੀ ਦਇਆ ਦ੍ਰਿਸ਼ਟੀ ਦੀ ਵਡਿਆਈ ਕਰਦਿਆਂ ਕਹਿੰਦੇ ਹਨ ਕਿ ਜਿਹਨਾਂ ਪੁੰਨ ਪ੍ਰਾਣੀਆਂ ਦੇ ਅੰਦਰ ਇਹ ਵਿਚਾਰ ਮਜ਼ਬੂਤੀ ਨਾਲ ਚੜ੍ਹ ਜਮਾ ਲੈਂਦੇ ਹਨ ਉਹ ਅਕਾਲ ਪੁਰਖ ਦੇ ਨਾਲ ਨੂੰ ਭਲੀ ਪ੍ਰਕਾਰ ਆਪਣੀ ਵਰਤੋਂ ਵਿੱਚ ਲੈ ਆਉਂਦੇ ਹਨ। ਮਨੁੱਖ ਆਪਣੀ ਚਤੁਰਾਈ ਨਾਲ ਦਿਨ-ਰਾਤ ਆਪਣੇ

-ਆਪੇ ਨੂੰ ਭੁੱਲ ਕੇ ਆਪਣੀ ਅੰਤਰ ਆਤਮਾ ਵਲੋਂ ਬੇ-ਬਹਿਰਾ ਜਿਹਾ ਹੋਇਆ ਰਹਿੰਦਾ ਹੈ। ਉਹਨੂੰ ਦੂਜਿਆਂ ਦੀ ਚਿੰਤਾ ਬਹੁਤ ਸਤਾਂਦੀ ਰਹਿੰਦੀ ਹੈ। ਇਸ ਪ੍ਰਕਾਰ ਉਹ ਆਪਣੇ ਪੰਧ ਨੂੰ ਔਖਾ ਤੇ ਕੰਡਿਆਲਾ ਕਰ ਲੈਂਦਾ ਹੈ। ਹਿਰਦੇ ਦੀ ਧਰਤੀ ਉਬੜ-ਖਾਬੜ ਹੋ ਜਾਂਦੀ ਹੈ। ਸਾਨੂੰ ਤਾਂ ਮਨ ਮੈਦਾਨ ਕਰਨ ਦਾ ਹੁਕਮ ਹੈ ਅਤੇ ਉਸ ਵਿੱਚੋਂ ਟੋਏ ਟਿਬੇ ਇੱਕ ਸਾਰ ਕਰਨ ਦਾ ਆਦੇਸ਼ ਹੈ। ਧਿਆਨ ਨਾਲ ਵੇਖੀਏ ਤਾਂ ਇਹ ਬੜੀ ਸੌਖੀ ਗੱਲ ਹੈ। ਟੋਆ ਮਾੜਾ ਜਿਹਾ ਡੂੰਘਾ ਤੇ ਟਿੱਬਾ ਥੋੜ੍ਹਾ ਕੁ ਉੱਚਾ ਹੁੰਦਾ ਹੈ। ਟਿੱਬੇ ਦੀ ਮਿੱਟੀ ਟੋਏ ਵਿੱਚ ਪਾ ਦਿੱਤੀ ਜਾਏ ਤਾਂ ਮਨ ਮੈਦਾਨ ਹੋ ਜਾਏਗਾ। ਇਹੋ ਜਿਹੀ ਸਾਫ ਸੁਥਰੀ ਸੁਆਰੀ ਤੇ ਬੁਹਾਰੀ ਹੋਈ ਥਾਂ ਤੇ ਸਤਿਗੁਰੂ ਆਕਾਲ ਪੁਰਖ ਆਪ ਵਿਚਰਦਾ ਹੈ। ਉਹਨਾਂ ਗੁਰਸਿੱਖਾਂ ਦਾ ਸੁਭਾਅ ਤੇ ਵਿਹਾਰ ਆਕਾਲ ਪੁਰਖ ਵਰਗਾ ਹੋ ਜਾਂਦਾ ਹੈ। ਸਾਰੇ ਹੀ ਮਨੁੱਖ ਉਹਨਾਂ ਨੂੰ ਇਕੋ-ਜਿਹੇ ਅਤੇ ਉਸ ਰੱਬ ਦੀ ਉਪਜ ਨਜ਼ਰ ਆਉਂਦੇ ਹਨ। ਇਹੀ ਨਾਮ ਦੀ ਪ੍ਰਾਪਤੀ ਦੀ ਅਵਸਥਾ ਹੈ। ਹੁਕਮ ਹੈ:

*ਅਹਿਨਿਸ ਨਿੰਦਾ ਤਾਤਿ ਪਰਾਈ ਹਿਰਦੈ ਨਾਮੁ ਨ ਸਰਬ ਦਇਆ॥*
*ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ ਰਾਮ ਨਾਮ ਬਿਨੁ ਨਰਕਿ ਗਇਆ॥*
*ਖਿਨ ਮਹਿ ਵੇਸ ਕਰਹਿ ਨਟੂਆ ਜਿਉ ਮੋਹ ਪਾਪ ਮਹਿ ਗਲਤੁ ਗਇਆ॥*
*ਇਤ ਉਤ ਮਾਇਆ ਦੇਖਿ ਪਸਾਰੀ ਮੋਹ ਮਾਇਆ ਕੈ ਮਗਨ ਭਇਆ॥*

**ਰਾਮਕਲੀ ਮਹਲਾ ਪਹਿਲਾ, ਪੰਨਾ 806**

**ਇਸ ਮਹਾਨ ਰਚਨਾਤਮਕ ਗਿਆਨ ਦਾ ਬੋਧ ਗੁਰਸ਼ਬਦ ਬਾਣੀ ਵਿੱਚੋਂ ਹੁੰਦਾ ਹੈ। ਜਿਸ ਦੇ ਕੰਨਾਂ ਉੱਤੇ ਝੱਪੇ ਤੇ ਅੱਖਾਂ ਉੱਤੇ ਖੋਪੇ ਚੜੇ ਹੋਣ ਉਹ ਵਿਚਾਰਾ ਅਭਾਗਾ ਸ਼ਬਦ ਨੂੰ ਨਹੀਂ ਸੁਣ ਸਕਦਾ। ਗੁਰਸ਼ਬਦ ਦੇ ਬਿਨਾਂ ਨਾ ਗਤੀ ਹੈ ਤੇ ਨਾ ਇੱਜ਼ਤ ਹੀ ਪ੍ਰਾਪਤ ਹੁੰਦੀ ਹੈ। ਗਤੀ ਨੂੰ ਜੇ ਰਫਤਾਰ ਜਾਂ ਚਾਲ ਸਮਝਿਆ ਜਾਏ ਤਾਂ ਬੜਾ ਖ਼ੂਬਸੂਰਤ ਭਾਵ ਨਿਕਲਦਾ ਹੈ ਕਿ ਜਿਹੜੇ ਮਨੁੱਖ ਗੁਰੂ ਸ਼ਬਦ ਨੂੰ ਨਹੀਂ ਪਛਾਣਦੇ ਉਹ ਗਤੀ ਰਹਿਤ ਹਨ। ਭਾਵ ਉਹ ਆਪਣੀ ਮੰਜ਼ਿਲ ਵੱਲੋਂ ਨਹੀਂ ਵਧ ਰਹੇ ਹੁੰਦੇ। ਇੰਜ ਸਮਝਣਾ ਚਾਹੀਦਾ ਹੈ ਕਿ ਉਹ ਸਿਥਲ ਹਨ ਬੇਜਾਨ ਹਨ, ਮੁਰਦਾ ਹਨ ਤੇ ਗਤੀਹੀਨ ਹਨ। ਉਹਨਾਂ ਦੀ ਗਤ ਕਿਸ ਤਰ੍ਹਾਂ ਹੋਵੇਗੀ। ਇੱਥੇ ਇੱਕ ਹੋਰ ਬੜਾ ਸੁੰਦਰ ਸੰਦਰਭ ਹੈ ਕਿ ਦਿਆ ਦਾ ਸਿੱਧਾ ਸੰਬੰਧ ਨਾਮ ਨਾਲ ਹੈ। ਗੁਰੂ ਨਾਨਕ ਦੇਵ ਜੀ ਤਾਂ ਧਰਤੀ ਨੂੰ ਸਹਾਰਾ ਦੇਣ ਵਾਲੀ ਸ਼ਕਤੀ, ਦਇਆ ਨੂੰ ਹੀ ਮੰਨਦੇ ਹਨ। ਇਹ ਧਰਤੀ ਬ੍ਰਹਿਮੰਡ ਤੇ ਸਗਲੀ ਸ੍ਰਿਸ਼ਟੀ ਅਕਾਲ ਪੁਰਖ ਦੇ ਦਇਆ ਕਾਰਨ ਹੀ ਚਲ ਰਹੀ ਹੈ। ਵਾਹਿਗੁਰੂ ਜੇ ਆਪਣੀ ਦਇਆ ਦੀ ਮਿਹਰ ਕਰਨੀ ਬੰਦ ਕਰ ਦਏ ਤਾਂ ਉਹ ਸਮਾਂ ਮਹਾਂਕਾਲ ਅਤੇ ਮਹਾਂ-ਪਰਲੋ ਦਾ ਹੋਵੇਗਾ। ਉਦੋਂ ਹੋਰ ਕੁਝ ਨਹੀਂ ਹੋਵੇਗਾ। ਬਸ ਸਦਾ-ਸਦਾ ਇੱਕ ਏਕੰਕਾਰ ਹੋਵੇਗਾ। ਜਿਹਨਾਂ ਨੇ ਇੱਕ ਏਕੰਕਾਰ ਨੂੰ ਨਹੀਂ ਸਮਝਿਆ ਉਸ ਦੀ ਮਹਾਨਤਾ ਤੇ ਸਰਬ ਦਇਆ ਦੇ ਸੁਭਾਅ ਨੂੰ ਨਹੀਂ ਜਾਣਿਆ ਉਹ ਜਿਉਂਦੇ ਵੀ ਮੋਇਆਂ ਵਰਗੇ ਹੀ ਹਨ। ਉਹ ਬਿਨਸ ਚੁੱਕੇ ਹਨ ਅਤੇ ਸਮਾਜ ਤੇ ਦੁਨੀਆਂ ਲਈ ਵਿਨਾਸ਼ਕਾਰੀ ਹਨ। ਪਾਤਸ਼ਾਹ ਕਹਿੰਦੇ ਹਨ ਕਿ ਉਹਨਾਂ ਨੇ ਆਪਣੇ ਆਲੇ ਦੁਆਲੇ ਨਰਕ ਦੀ ਸਿਰਜਣਾ ਕਰ ਲਈ ਹੁੰਦੀ ਹੈ। ਉਹ ਏਥੇ ਵੀ ਨਰਕਾਂ ਵਿੱਚ ਹਨ ਤੇ ਅੱਗੋਂ ਵੀ ਨਰਕਾਂ ਵਿੱਚ ਹੀ ਜਾਣਗੇ। ਵਾਹਿਗੁਰੂ ਦੀ ਸਰਬ ਦਇਆ ਦਾ ਅਹਿਸਾਸ ਹਿਰਦੇ ਅੰਦਰ ਅਜਿਹੀ ਕੋਮਲਤਾ ਪੈਦਾ ਕਰ ਦਿੰਦਾ ਹੈ। ਕਿ "*ਏਕ ਪਿਤਾ ਏਕਸ ਕੇ ਹਮ ਬਾਰਕ*" ਦਾ ਪਵਿੱਤਰ ਜਜ਼ਬਾ ਹਰ ਵੇਲੇ ਹਿਰਦੇ ਦੇ ਅੰਦਰ ਚਸ਼ਮੇ ਵਾਗੂੰ ਪ੍ਰਸਫੁਟਿਤ ਹੁੰਦਾ ਰਹਿੰਦਾ ਹੈ। ਵਾਹਿਗੁਰੂ ਤੋਂ ਦੂਰ ਹੋਣਾ ਮਾਇਆ ਹੈ। ਮਾਇਆ ਦਾ ਵੀ ਅਜਬ ਤਮਾਸ਼ਾ ਹੈ। ਇਹ ਇੱਕ ਖਿਨ ਪਲ ਜਿੰਨੀ ਦੇਰੀ ਵਿੱਚ ਬਹੁਤ ਸਾਰੇ ਵੇਸ ਕਰਕੇ ਮਨੁੱਖ ਨੂੰ ਭਰਮਾਈ ਰੱਖਦੀ ਹੈ। ਜਿਹੜਾ ਇਹਨਾਂ ਵੇਸਾਂ ਦਾ ਖੱਟਿਆ ਖਾਣਾ ਚਾਹੁੰਦਾ ਹੈ। ਉਹ ਆਪ ਵੀ ਬਿਖ ਭੱਖ ਰਿਹਾ ਹੈ ਤੇ ਸਾਰੇ ਵਿਸ਼ਵ ਨੂੰ ਵਿਸ਼ੈਲਾ ਕਰਨ ਦਾ ਕੋਝਾ ਉਪਰਾਲਾ ਕਰ ਰਿਹਾ ਹੈ। ਇਹ ਕੰਮ ਮਦਾਰੀਆਂ ਵਰਗਾ ਹੈ। ਮਾਇਆ ਦੇ ਤਮਾਸ਼ਿਆਂ ਤੋਂ ਆਕਰਸ਼ਤ ਲੋਕੀ ਤਮਾਸ਼ਾਈ ਹੀ ਬਣ ਕੇ ਰਹਿ ਜਾਂਦੇ ਹਨ ਅਤੇ "ਵਾਹੁ-ਵਾਹੁ ਕਾ ਵਡਾ ਤਮਾਸ਼ਾ" ਸਮਝਣ ਤੋਂ ਅਸਮਰਥ ਹੀ ਰਹਿੰਦੇ ਹਨ ਤੇ ਉਹਨਾਂ ਦਾ ਹਾਲ ਇਹ ਹੁੰਦਾ ਹੈ ਕਿ ਉਹ ਜਿਹੇ ਦੁਨੀਆਂ ਤੇ ਆਏ ਤਹੇ ਨਾ ਆਏ। ਇਹਨਾਂ ਪਾਸੋਂ ਗੁਰੂ ਪਾਤਸ਼ਾਹ ਪ੍ਰਸ਼ਨ ਪੁਛਦੇ ਹਨ, "ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥" ਅਜਿਹੇ ਲੋਕਾਂ ਲਈ ਮਾਇਆ ਦਾ ਮੋਹ ਪਾਪ ਬਣ ਜਾਂਦਾ ਹੈ। ਉਹ ਮੋਹ ਮਾਇਆ ਵਿੱਚ ਗਲਦੇ ਜਾਂਦੇ ਹਨ ਜਾਂ ਇੰਝ ਕਹੀਏ ਕਿ ਉਹ ਆਪਣੇ ਜੀਵਨ ਨੂੰ ਗਲਤ ਮਲਤ ਕਰਕੇ ਚਲੇ ਜਾਂਦੇ ਹਨ। ਵਾਹਿਗੁਰੂ ਨੇ ਏਥੇ ਉਥੇ, ਥਾਉ-ਥਾਈਂ ਆਪਣੀ ਮਾਇਆ ਆਪ ਪਸਾਰੀ**

ਹੋਈ ਹੈ। ਰਤਾ ਕੁ ਨਿਮਰਤਾ ਨਾਲ ਉਸ ਵੱਲ ਵੇਖੀਏ ਤਾਂ ਉਹ ਐਸੀ ਸੋਝੀ ਪਾ ਦਿੰਦਾ ਹੈ ਕਿ ਮਾਇਆ ਦਾ ਪਰਦਾ ਹਟ ਜਾਂਦਾ ਹੈ ਤੇ ਅੰਦਰਲੀ ਅੱਖ ਸਭ ਕੁਝ ਪ੍ਰਤੱਖ ਵੇਖਣ ਦੇ ਯੋਗ ਹੋ ਜਾਂਦੀ ਹੈ। ਮੋਹ ਮਾਇਆ ਦੀ ਮਹਾਨਤਾ ਦਾ ਨਸ਼ਾ ਉਤਰ ਜਾਂਦਾ ਹੈ ਤੇ ਦਸ਼ਾ ਸੁਧਰ ਜਾਂਦੀ ਹੈ। ਸਰਬ ਦਇਆ ਦੇ ਪਵਿੱਤਰ ਸਿਧਾਂਤ ਦਾ ਗਿਆਨ ਗੁਰੂ ਨਾਨਕ ਦੇਵ ਜੀ ਬੜੇ ਸਹਿਜ ਨਾਲ ਨਾਮ ਦੇ ਸੰਗ ਜੋੜਦੇ ਹਨ। ਧਾਰਮਿਕ ਕਰਮ ਕਾਂਡ ਮਨੁੱਖੀ ਵਿਤਕਰੇ ਦਾ ਪਸਾਰਾ ਕਰਦੇ ਜਾਂਦੇ ਹਨ ਅਤੇ ਕਰਮ ਕਾਂਡੀ ਮਨੁੱਖ ਉਸ ਦੇ ਵਿੱਚ ਫਸਿਆ ਹੋਇਆ ਜ਼ਿੰਦਗੀ ਜਾਇਆ ਕਰਕੇ ਚਲਿਆ ਜਾਂਦਾ ਹੈ। ਵੇਦਾਂ ਨੇ ਚਾਰ ਵਰਣ ਬਣਾਏ ਹਨ। ਬ੍ਰਾਹਮਣ ਉਤਮ, ਖੱਤਰੀ, ਵੈਸ ਤੇ ਸ਼ੂਦਰ। ਕ੍ਰਮਵਾਰ ਉਸ ਤੋਂ ਹੇਠਾਂ ਦੱਸੇ। ਬ੍ਰਾਹਮਣ ਨੇ ਜਨੇਊ ਪਾਉਣ ਲੱਗਿਆ ਵੀ ਉਸ ਵਿੱਚ ਵਿਤਕਰਾ ਰੱਖ ਲਿਆ। ਕਿਸੇ ਨੂੰ ਤਿੰਨ ਧਾਗੇ, ਕਿਸੇ ਨੂੰ ਦੋ ਧਾਗੇ ਤੇ ਕਿਸੇ ਨੂੰ ਇੱਕ ਧਾਗਾ ਅਤੇ ਕਿਸੇ ਨੂੰ ਜਨੇਊ ਪਾਉਣ ਦਾ ਹੱਕ ਹੀ ਨਹੀਂ ਦਿੱਤਾ। ਜਿੱਥੇ ਵਿਤਕਰਾ ਹੈ ਉੱਥੇ ਦਇਆ ਨਹੀਂ ਆਏਗੀ। ਦਇਆ ਨਹੀਂ ਹੋਵੇਗੀ ਤਾਂ ਨਾਮ ਨਹੀਂ ਹੋਵੇਗਾ। ਬਲਕਿ ਸਰਬ ਦਇਆ ਤਾਂ ਵਾਹਿਗੁਰੂ ਦਾ ਰੂਪ ਹੈ। ਮਨੁੱਖ ਜ਼ਰਾ ਕੁ ਗਿਆਨ ਪ੍ਰਾਪਤ ਕਰਦਾ ਹੈ ਤਾਂ ਉਹ ਹੋਰ ਕਠੋਰ ਹੋ ਜਾਂਦਾ ਹੈ। ਕਠ, ਕਠੋਰ, ਕੁਚੀਲ, ਕੁਗਿਆਨੀ ਇਸ ਨੂੰ ਆਪਣਾ ਧੰਦਾ ਬਣਾ ਕੇ ਸਮਾਜ ਵਿੱਚ ਗੰਦ ਪਾਈ ਜਾਂਦਾ ਹੈ ਅਤੇ ਮੰਜ਼ਿਲ ਵੱਲ ਦੋ ਪੈਰ ਤੁਰਨਾ ਹੀ ਮੁਸ਼ਕਲ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਜਦੋਂ ਬ੍ਰਾਹਮਣ ਦੇ ਜਨੇਊ ਦਾ ਪਾਜ ਉਘੇੜਦੇ ਹਨ ਤਾਂ ਉਸ ਨੂੰ ਨਵੀਂ ਨੇ ਨੂਤਨ ਤੇ ਅਦਭੁਤ ਵਿਚਾਰ ਆਖਦੇ ਹਨ ਕਿ ਉਹ ਵਿਤਕਰਾ ਛੱਡੇ ਅਤੇ ਜਨੇਊ ਬਨਾਣ ਵਾਸਤੇ ਦਇਆ ਦੀ ਕਪਾਹ ਹਾਸਲ ਕਰੇ। ਉਸ ਤੋਂ ਸੰਤੋਖ ਦਾ ਸੂਤ ਬਣਾਏ ਤੇ ਜਤ ਦੀ ਗੰਢ ਨੂੰ ਪੱਕਿਆ ਕਰੇ। ਇਸ ਵਿੱਚ ਹੱਠ ਦੀ ਨਹੀਂ ਸਗੋਂ ਸਤ ਦੀ ਲੋੜ ਹੈ। ਉਹ ਇਸ ਧਾਗੇ ਨੂੰ ਸਤ ਦੇ ਵੱਟ ਚੜ੍ਹਾਏ। ਇਹੋ ਜਿਹਾ ਜਨੇਊ ਸਭਨਾਂ ਵਾਸਤੇ ਹੋਵੇਗਾ। ਇਸ ਤਰ੍ਹਾਂ ਅਕਾਲ ਪੁਰਖ ਦੀ ਦਇਆ ਸਭਨਾਂ ਵਾਸਤੇ ਹੈ ਤੇ ਉਹ ਸਰਬ ਦਇਆ ਹੈ। ਹੁਕਮ ਹੈ:

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*

ਸਲੋਕ ਮਹਲਾ ਪਹਿਲਾ, ਪੰਨਾ 471

ਜਿਸ ਜਨੇਊ ਦੇ ਨਾਲ ਬ੍ਰਾਹਮਣ ਖ਼ੁਦਾ ਦੀ ਖਲਕ ਨੂੰ ਵੰਡ ਕੇ ਭੰਡੀਆਂ ਪਾ ਰਿਹਾ ਹੈ ਜੇ ਉਸ ਦਇਆ ਦੀ ਮਹਾਨਤਾ ਦਾ ਗਿਆਨ ਹੋ ਜਾਏ ਤਾਂ ਸਾਰੇ ਆਪਸ ਵਿੱਚ ਨੇੜੇ ਹੋ ਜਾਣਗੇ ਤੇ ਇਸ ਨੇੜਤਾ ਨਾਲ ਸਾਰੇ ਬਖੇੜੇ ਮੁੱਕ ਜਾਣਗੇ। ਅਸੀਂ ਸਾਰੇ ਆਕਾਲ ਪੁਰਖ ਦੇ ਨੇੜੇ ਹੋ ਜਾਵਾਂਗੇ। ਅਜਿਹਾ ਜਨੇਊ ਨਾ ਟੁੱਟੇਗਾ, ਨਾ ਉਸ ਨੂੰ ਮੈਲ ਲੱਗੇਗੀ, ਨਾ ਉਹ ਜਲੇਗਾ, ਨਾ ਉਹ ਸੜੇਗਾ ਤੇ ਨਾ ਹੀ ਉਸ ਦਾ ਕਦੀ ਵਿਨਾਸ਼ ਹੋਵੇਗਾ। ਦਇਆ ਵਾਲੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਜਨੇਊ ਨੂੰ ਧਾਰਨ ਕਰਨ ਵਾਲਾ ਮਨੁੱਖ ਧੰਨ ਹੈ। ਇਹ ਜੀਵਨ ਜਾਚ ਹੈ, ਗੁਰੂ ਨਾਨਕ ਦੇਵ ਜੀ ਦੀ ਦੱਸੀ ਹੋਈ। ਜੋ ਆਕਾਲ ਪੁਰਖ ਦੀ ਦਇਆ ਨੂੰ ਦੀਪਤੀ ਮਾਨ ਕਰਦੀ ਹੈ ਅਤੇ ਮਨੁੱਖੀ ਮਨਾਂ ਦੇ ਅੰਦਰ ਉਸ ਦਾ ਵਾਸ ਸਤਿਗੁਰੂ ਦੀ ਵਡਿਆਈ ਦਾ ਅਨੁਭਵ ਤੇ ਆਭਾਸ ਕਰਾ ਦਿੰਦੀ ਹੈ।

ਗੁਰੂ ਪੂਰਾ ਹੈ। ਗੁਰੂ ਸਭਨੀਂ ਥਾਂਈ ਪਰਿਪੂਰਨ ਹੈ। ਪੂਰੇ ਗੁਰੂ ਦਾ ਆਖਿਆ ਸਦਾ ਪੂਰਾ ਹੈ। ਉਸ ਵਿੱਚੋਂ ਘੱਟ-ਵੱਧ ਕੁਝ ਨਹੀਂ ਹੁੰਦਾ। ਗੁਰੂ ਦਾ ਉਪਦੇਸ਼ ਪੂਰਾ ਹੈ। ਪੂਰੇ ਗੁਰੂ ਦੀ ਬਾਣੀ ਤੇ ਉਸ ਦੀ ਘਾੜਤ ਪੂਰੀ ਹੈ। ਪੂਰੇ ਗੁਰੂ ਨੇ ਪੂਰਾ ਥਾਟ ਬਣਾਇਆ ਹੈ ਜੋ ਇੱਕ ਸਾਮਾਨ ਹੈ। ਉਸ ਵਿੱਚ ਸਮਾਨਤਾ ਹੈ ਤੇ ਇਹੀ ਉਸਦੀ ਮਹਾਨਤਾ ਹੈ। ਉੱਥੇ ਇਤਫਰਕਾ ਨਹੀਂ, ਵਿਤਕਰਾ ਨਹੀਂ। ਭਾਵ ਉਸ ਦਾ ਮੰਤਵ ਵੀ ਪੂਰਾ ਹੈ ਤੇ ਵਿਧੀ ਵੀ ਪੂਰੀ ਹੈ। ਉਸ ਦਾ ਮੰਤ ਅਖਯ ਹੈ। ਉਸ ਦਾ ਉਪਦੇਸ਼ ਪੂਰਾ ਹੈ। ਕੋਈ ਉਸ ਨੂੰ ਨੇੜੇ ਤੇ ਕੋਈ ਇਸ ਨੂੰ ਦੂਰ ਆਖਦਾ ਹੈ। ਪਰ ਗੁਰੂ ਉਹਨੂੰ ਸਾਡੇ ਅੰਦਰੋਂ ਹੀ ਪ੍ਰਗਟ ਕਰ ਦਿੰਦਾ ਹੈ। ਜੇ ਐਸੇ ਗੁਰ ਪੂਰੇ ਪ੍ਰਮੇਸ਼ਰ ਨੇ ਦੋ ਸਰਬ ਦਇਆ ਸੰਪੂਰਨ ਹੈ ਆਪਣੀ ਕਲਾ ਵਰਤਾਈ ਤੇ ਸਭਨਾਂ ਦੇ ਹਿਰਦਿਆਂ ਦੇ ਵਿੱਚ ਆਪਣੇ ਸੇਵਕਾਂ ਦੇ ਵਾਸਤੇ ਦਇਆ ਉਪਜਾ ਦਿੱਤੀ। ਅਸੀਂ ਉਸ ਦੀ ਦਇਆ ਦੇ ਕਾਰਨ ਆਪਸ ਵਿੱਚ ਵੀ ਜੁੜ ਜਾਂਦੇ ਹਾਂ ਤੇ ਸੰਗਤ ਰੂਪ ਸਾਰੇ ਉਸ ਦੇ ਨਾਲ ਜੁੜ ਜਾਂਦੇ ਹਾਂ। ਉਸਨੇ ਇਸ ਪ੍ਰਕਾਰ ਆਪਣੀ ਵਡਿਆਈ ਨਾਲ ਸਾਨੂੰ ਸਭਨਾਂ ਨੂੰ ਮੇਲ ਲਿਆ ਹੈ ਕਿ ਸਭਨੀਂ ਥਾਈਂ ਸੁੱਖ ਸ਼ਾਂਤੀ ਤੇ ਕੁਸ਼ਲ ਵਾਪਰ ਗਈ। ਹੁਕਮ ਹੈ:

*ਗੁਰਿ ਪੂਰੈ ਅਪਨੀ ਕਲ ਧਾਰੀ ਸਭ ਘਟ ਉਪਜੀ ਦਇਆ॥*

*ਆਪੇ ਮੇਲਿ ਵਡਾਈ ਕੀਨੀ ਕੁਸਲ ਖੇਮ ਸਭ ਭਇਆ॥*
*ਸਤਿਗੁਰੁ ਪੂਰਾ ਮੇਰੈ ਨਾਲਿ॥ ਪਾਰਬ੍ਰਹਮ ਜਪਿ ਸਦਾ ਨਿਹਾਲ॥ ਰਹਾਉ॥*

ਸੋਰਠ ਮਹਲਾ ਪੰਜਵਾਂ, ਪੰਨਾ 618

ਜਦੋਂ ਸਾਨੂੰ ਉਸਦੀ ਦਇਆ ਦੀ ਦਾਤ ਦਾ ਆਭਾਸ ਹੋ ਜਾਂਦਾ ਹੈ ਉਦੋਂ ਸਾਨੂੰ ਪੂਰਨ ਪਿਤਾ ਦੇ ਪਵਿੱਤਰ ਪੱਥ ਦਾ ਪਤਾ ਲਗ ਜਾਂਦਾ ਹੈ ਅਤੇ ਇੰਝ ਮਹਿਸੂਸ ਹੁੰਦਾ ਹੈ ਕਿ ਮੰਜ਼ਿਲ ਕਿਤੇ ਦੂਰ ਨਹੀਂ ਹੈ। ਸਗੋਂ ਨਾਲ ਹੀ ਹੈ। ਅਗੰਮ, ਆਗਾਦ, ਪਾਰਬ੍ਰਹਮ ਸਾਡੇ ਅੰਦਰ ਇੱਕ ਐਸੀ ਦ੍ਰਿੜਤਾ ਪੈਦਾ ਕਰ ਦਿੰਦਾ ਹੈ ਕਿ ਹਰ ਪਿਆ ਹੋਇਆ ਕਦਮ ਮਜ਼ਬੂਤੀ ਨਾਲ ਅੱਗੇ ਵਧਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਅਕਾਲ ਪੁਰਖ ਨੂੰ ਸੱਚ ਕਰਕੇ ਲਿਖਿਆ ਹੈ। ਜਾਣਿਆ ਤੇ ਪਹਿਚਾਣਿਆ ਹੈ। ਉਸ ਦੇ ਜਾਣਨ ਦੀ ਵਿਧੀ ਲੁਕਾ ਕੇ ਨਹੀਂ ਰੱਖੀ ਸਗੋਂ ਸਪਸ਼ਟ ਰੂਪ ਵਿੱਚ ਲੋਕਾਈ ਨੂੰ ਦੱਸੀ ਹੈ। ਸੱਚ ਦੀ ਪ੍ਰਾਪਤੀ ਦੇ ਪੰਜਾਂ ਪੱਖਾਂ ਦਾ ਜਿਕਰ ਆਸਾ ਦੀ ਵਾਰ ਵਿੱਚ ਕੀਤਾ ਹੈ। ਸੱਚ ਨੂੰ ਜਾਨਣ ਲਈ ਸਭ ਤੋਂ ਪਹਿਲਾਂ ਹਿਰਦਿਉਂ ਸੱਚਾ ਹੋਣਾ ਬੜਾ ਜ਼ਰੂਰੀ ਹੈ। ਇਹ ਗੁਣ ਸ਼ੁਰੂਆਤ ਹੈ। ਇਸ ਨਾਲ ਕੂੜ ਦੀ ਮੈਲ ਮਨ ਤੋਂ ਵੀ ਉਤਰ ਜਾਂਦੀ ਹੈ ਤੇ ਤਨ ਵੀ ਮੁਕਤ ਹੋ ਜਾਂਦਾ ਹੈ ਸੱਚ ਨੂੰ ਜਾਨਣ ਲਈ ਦੂਜਾ ਪੱਖ ਜਾਂ ਪੱਗ ਹੈ ਸਚੁ ਨਾਲ ਹਾਰਦਿਕ ਪਿਆਰ ਹੋਵੇ। ਇਸ ਪ੍ਰਕਾਰ ਨਾਮ ਨੂੰ ਸੁਨਣ ਮਗਰੋਂ ਹਿਰਦੇ ਦੇ ਅੰਦਰ ਰਹਿਸ ਪੈਦਾ ਹੋਵੇਗਾ। ਇਹ ਅਵਸਥਾ ਸਦੀਵੀ ਟਿਕਾ ਦੀ ਹੈ। ਸਚੁ ਤੇ ਜਾਨਣ ਸਬੰਧੀ ਤੀਜੇ ਪੱਗ ਦਾ ਫੁਰਮਾਨ ਕਰਦੇ ਬਾਬਾ ਜੀ ਆਖਦੇ ਹਨ ਕਿ ਇਸ ਲਈ ਆਤਮਾ ਤੇ ਜਿਉ ਦੀ ਜੁਗਤ ਜਾਨਣ ਦੀ ਲੋੜ ਹੈ। ਇਸ ਲਈ ਧਰਤੀ ਰੂਪੀ ਕਾਇਆ ਜਾਂ ਖੇਤ ਆਤਮਕ ਸਾਧਨ ਦੇ ਨਾਲ ਵਸਤ ਨੂੰ ਇਸ ਤਰ੍ਹਾਂ ਰੱਖਣਾ ਹੈ। ਜਿਸ ਤਰ੍ਹਾਂ ਸਿਆਣਾ ਕਿਸਾਨ ਮਿੱਟੀ ਵਿੱਚ ਬੀਜ ਨੂੰ ਰੱਖਦਾ ਹੈ। ਇਹ ਨਿਮਰਤਾ ਦੀ ਉੱਚੀ ਅਵਸਥਾ ਹੈ। ਇਸ ਪ੍ਰਕਾਰ ਸਾਧਿਆ ਹੋਇਆ ਸਗੀਰ ਸੁੱਚਾ ਹਿਰਦਾ ਤੇ ਦ੍ਵਤ ਆਤਮਾ ਗੁਰੂ ਦੀ ਸੱਚੀ ਸਿੱਖ ਨੂੰ ਠੀਕ ਤੇ ਸਹੀ ਤਰੀਕੇ ਨਾਲ ਧਾਰਨ ਕਰ ਦਇਆ ਦੀ ਅਭਿਆਸੀ ਹੋ ਜਾਏਗੀ ਕਿ ਉਹ ਨਿਕੰਮੇ ਕਰਮ ਕਾਂਡ ਤੇ ਦਾਨ ਦੀ ਪ੍ਰਕਿਰਿਆ ਨੂੰ ਛੱਡ ਕੇ ਜੀਅ ਦਾਨ ਨੂੰ ਭਲੀ ਪ੍ਰਕਾਰ ਸਮਝ ਜਾਏਗਾ ਤੇ ਅੰਦਰ ਭਾਉ-ਭਗਤਿ ਦਾ ਪ੍ਰਕਾਸ਼ ਹੋਵੇਗਾ। ਹੁਕਮ ਹੈ:

*ਸਚੁ ਤਾ ਪਰੁ ਜਾਣੀਐ ਦਾ ਸਿਖ ਸਚੀ ਲੇਇ॥*
*ਦਇਆ ਜਾਣੇ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ॥*

ਆਸਾ ਦੀ ਵਾਰ ਮਹਲਾ ਪਹਿਲਾ, ਪੰਨਾ 468

ਜੀਅ ਦੀ ਦਇਆ ਹੀ ਜੀਅ ਦਾਨ ਹੈ ਅਤੇ ਇਹ ਹੀ ਸਭ ਤੋਂ ਵੱਡਾ ਪੁੰਨ ਹੈ। ਇਹ ਜਦੋਂ ਅਕਾਲ ਪੁਰਖ ਦੁਆਰਾ ਸਭਨਾਂ ਉੱਤੇ ਇੱਕੋ ਜਿਹੀ ਇੱਕ ਸਾਰ ਵਰ੍ਹਦੀ ਹੈ ਤਾਂ ਇਸ ਨੂੰ ਗੁਰੂ ਪਾਤਸ਼ਾਹ ਨੇ ਸਰਬ ਦਇਆ ਆਖਿਆ ਹੈ। ਗੁਰੂ ਦੀ ਸੱਚੀ ਸਿੱਖ ਪ੍ਰਾਪਤ ਕਰਨ ਮਗਰੋਂ ਗੁਰਸਿੱਖ ਜਦੋਂ ਇਸ ਦਾ ਵਰਤਾਰਾ ਤੇ ਅਭਿਆਸ ਜੀਵਨ ਵਿੱਚ ਕਰਦਾ ਹੈ ਤਾਂ ਉਹ ਸਰਬ ਦਇਆ ਨੂੰ ਵਰਤਣ ਬਣਾ ਕੇ ਸਭਨਾਂ ਜੀਆਂ ਦਾ ਕਲਿਆਣ ਕਰਦਾ ਹੈ। ਅਜਿਹੇ ਪ੍ਰਕਰਮੀ ਗੁਰਸਿੱਖ ਸਦਾ ਟਿਕਾਅ ਵਿੱਚ ਰਹਿੰਦੇ ਹਨ। ਹੁਣ ਉਹਨੂੰ ਤੀਰਥਾਂ ਉੱਤੇ ਭੱਜਣ ਦੌੜਣ ਦੀ ਲੋੜ ਨਹੀਂ ਪੈਂਦੀ ਤੇ ਉਹ ਆਤਮ ਤੀਰਥ ਵਿੱਚ ਸਹਿਜ ਨਿਵਾਸ ਕਰਦਾ ਹੈ।


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

**THE AROMA**
**Sector: 22 - C, Chandigarh,**
**Ph.: 700045-48 Fax : 0172-700051**
**E-mail : hotelaroma@glide.net.in**
**Website : www.hotelaroma.com**

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# ਸਾਡੇ ਕੀਰਤਨੀਏ


## ਅਵਤਾਰ ਸਿੰਘ ਹੰਸ

ਗੁਰੂ ਅਰਜਨ ਕੀਰਤਨ ਅਕੈਡਮੀ, ਸੁਨਾਮੀ ਗੇਟ, ਸੰਗਰੂਰ


**ਭਾਈ ਪਿਆਰਾ ਸਿੰਘ ਜੀ ਪਟਿਆਲਾ :** ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਪਿਆਰਾ ਸਿੰਘ ਜੀ (ਪਟਿਆਲੇ ਵਾਲੇ) ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਸਨ। ਆਪ ਜੀ ਦੀਆਂ ਗਾਇਨ ਕੀਤੀਆਂ ਸੁੰਦਰ ਸ਼ਬਦ ਬੰਦਸ਼ਾਂ ਅਜੋਕੇ ਕੀਰਤਨੀਏ ਬੜੇ ਮਾਣ ਨਾਲ ਗਾਉਂਦੇ ਹਨ- ਪ੍ਰਭਡੋਰੀ ਹਾਥ ਤੁਮਾਰੇ। ਆਪ ਜੀ ਵਲੋਂ ਗਾਇਆ ਇਹ ਸ਼ਬਦ ਬਹੁਤ ਹੀ ਪਾਪੂਲਰ ਹੋਇਆ ਇਹ ਹਰ ਇੱਕ ਰਾਗੀ ਸਿੰਘ ਤੇ ਬੱਚੇ ਬੱਚੀਆਂ ਬੜੇ ਪਿਆਰ ਨਾਲ ਗਾਉਂਦੇ ਹਨ। ਰਾਗਦਾਰੀ ਦੀ ਸੂਝ ਅਤੇ ਸ਼ਬਦ ਕੀਰਤਨ ਵਿੱਚ ਅਦੁੱਤੀ ਰਸ ਸੰਚਾਰ ਆਪ ਜੀ ਦੇ ਗਾਇਨ ਦੀਆਂ ਵਿਸ਼ੇਸਤਾਵਾਂ ਹਨ।

ਭਾਈ ਪਿਆਰਾ ਸਿੰਘ ਜੀ ਦਾ ਜਨਮ ਸੰਨ 1919 ਈ: ਵਿੱਚ ਸ: ਪੰਜਾਬ ਸਿੰਘ ਜੀ ਦੇ ਗ੍ਰਹਿ ਵਿਖੇ ਚੱਕ ਨੰਬਰ 296 ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ।

ਬਚਪਨ ਵਿੱਚ ਹੀ ਪਿੰਡਾਂ ਦਾ ਲੋਕ ਸੰਗੀਤ ਸੁਣ ਕੇ ਮਨ ਵਿੱਚ ਸੰਗੀਤ ਸਿੱਖਣ ਦੀ ਰੁਚੀ ਪੈਦਾ ਹੋ ਗਈ। ਉਸ ਵਕਤ ਸ੍ਰੀ ਮਾਨ ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ ਬਹੁਤ ਹੀ ਮਸ਼ਹੂਰ ਕੀਰਤਨੀਏ ਸਨ। ਆਪ ਜੀ ਬੜਾ ਹੀ ਰਸਭਿੰਨਾ ਕੀਰਤਨ ਕਰਦੇ ਸਨ। ਭਾਈ ਪਿਆਰਾ ਸਿੰਘ ਜੀ ਸੰਤ ਜੀ ਦੇ ਇਲਾਹੀ ਕੀਰਤਨ ਤੋਂ ਬਹੁਤ ਪ੍ਰਭਾਵਤ ਹੋਏ। ਗੁਰਬਾਣੀ ਕੀਰਤਨ ਸਿੱਖਣ ਦਾ ਸ਼ੌਕ ਮਨ ਵਿੱਚ ਜਾਗਿਆ ਤੇ ਸਭ ਕੁਝ ਛੱਡ ਕੇ ਆਪ ਜੀ ਸੰਤ ਸੁਜਾਨ ਸਿੰਘ ਦੇ ਚਰਨਾਂ ਵਿੱਚ ਪਹੁੰਚ ਗਏ। ਸੰਤ ਜੀ ਤੋਂ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਕੁਝ ਸਮੇਂ ਬਾਅਦ ਸੰਤ ਜੀ ਨਾਲ ਹੀ ਸ੍ਰੀ ਮਾਨ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਕੋਲ ਰਹਿ ਕੇ ਕੀਰਤਨ ਕਰਨਾ ਅਰੰਭ ਕਰ ਦਿੱਤਾ।

ਫਿਰ ਸੰਤ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਆਪਣਾ ਜਥਾ ਬਣਾ ਕੇ ਗੁ: ਡੇਰਾ ਸਾਹਿਬ (ਪਾਕਿਸਤਾਨ) ਵਿਖੇ ਕੀਰਤਨ ਸੇਵਾ ਸ਼ੁਰੂ ਕੀਤੀ ਕਾਫੀ ਸਮਾਂ ਇੱਥੇ ਸੰਗਤਾਂ ਨੂੰ ਕੀਰਤਨ ਸੁਣਾ ਕੇ ਪ੍ਰਸੰਨ ਕਰਦੇ ਰਹੇ।

ਲਾਹੌਰ ਉਸ ਵਕਤ ਸੰਗੀਤ ਦਾ ਬਹੁਤ ਵੱਡਾ ਕੇਂਦਰ ਸੀ ਉੱਚਕੋਟੀ ਦੇ ਗਵਈਏ ਅਤੇ ਸੰਗੀਤਕਾਰ ਲਾਹੌਰ ਹੀ ਰਹਿੰਦੇ ਸਨ। ਭਾਈ ਸਾਹਿਬ ਇਹਨਾਂ ਸੰਗੀਤਕਾਰਾਂ ਨਾਲ ਮੇਲਜੋਲ ਰੱਖਦੇ ਤੇ ਸੰਗੀਤ ਪ੍ਰਤੀ ਜਾਣਕਾਰੀ ਪ੍ਰਾਪਤ ਕਰਦੇ। ਆਪ ਕਈ ਮੁਸਲਮਾਨ ਉਸਤਾਦਾਂ ਪਾਸੋਂ ਵੀ ਸੰਗੀਤ ਤਾਲੀਮ ਹਾਸਿਲ ਕਰਦੇ। ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਨੂੰ ਸਾਹਮਣੇ ਬੈਠ ਕੇ ਸੁਣਦੇ ਤੇ ਉਹਨਾਂ ਨਾਲ ਸੰਗੀਤ ਬਾਰੇ ਵੀਚਾਰਾਂ ਵੀ ਕਰਦੇ ਸਨ। ਇਸ ਤਰ੍ਹਾਂ ਗੁਣੀਜਨਾਂ ਪਾਸੋਂ ਉਚ ਤਾਲੀਮ ਲੈ ਕੇ ਆਪ ਉੱਚਕੋਟੀ ਦੇ ਕੀਰਤਨੀਏ ਬਣ ਗਏ। ਭਾਈ ਪਿਆਰਾ ਸਿੰਘ ਜੀ ਲਾਹੌਰ ਰੇਡੀਓ ਦੇ 'ਏ' ਕਲਾਸ ਦੇ ਆਰਟਿਸਟ ਚੁਣੇ ਗਏ। ਪਾਕਿਸਤਾਨ ਬਣਨ ਤੱਕ ਉੱਥੇ ਕੀਰਤਨ ਕਰਦੇ ਰਹੇ। ਪਾਕਿਸਤਾਨ ਬਣਨ ਤੋਂ ਬਾਅਦ ਕਾਫੀ ਸਮਾਂ ਪਿੰਡ ਹੀ ਰਹੇ। ਫਿਰ 1950 ਦੇ ਕਰੀਬ ਪਟਿਆਲਾ ਵਿਖੇ ਆ ਗਏ।

ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਆਪਣੇ ਰਾਗੀ ਜਥੇ ਸਮੇਤ ਕੀਰਤਨ ਵੀ ਡਿਊਟੀ ਆਰੰਭ ਕਰ ਦਿੱਤੀ। ਇੱਥੇ ਸੰਗਤਾਂ ਨੇ ਆਪ ਜੀ ਨੂੰ ਬਹੁਤ ਮਾਣ ਅਤੇ ਸਤਿਕਾਰ ਬਖਸ਼ਿਆ। ਫਿਰ ਆਪ ਜੀ ਪਰਿਵਾਰ ਸਮੇਤ ਪਟਿਆਲਾ ਵਿਖੇ ਹੀ ਰਹਿਣ ਲੱਗ ਪਏ। ਕਈ ਸਾਲ ਭਾਈ ਪਿਆਰਾ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੰਗਤਾਂ ਨੂੰ ਕੀਰਤਨ ਸਰਵਣ ਕਰਾ ਕੇ ਨਿਹਾਲ ਕੀਤਾ ਹੈ। ਸੰਗਤਾਂ ਬੜੇ ਪਿਆਰ ਨਾਲ ਆਪ ਜੀ ਦਾ ਕੀਰਤਨ ਸੁਣਦੀਆਂ ਸਨ। ਭਾਈ ਸਾਹਿਬ ਜੀ ਨੂੰ ਵੱਡੇ-ਵੱਡੇ ਕੀਰਤਨ ਦਰਬਾਰਾਂ ਵਿੱਚ ਕੀਰਤਨ ਲਈ ਬੁਲਾਇਆ ਜਾਣਾ ਸੀ। ਭਾਈ ਬਖਸ਼ੀਸ਼ ਸਿੰਘ ਜੀ ਆਪ ਦੇ ਸਮਕਾਲੀ ਕੀਰਤਨੀਏ ਸਨ। ਕੀਰਤਨ ਦਰਬਾਰਾਂ ਵਿੱਚ ਇਕੱਠੇ ਹੀ ਹੁੰਦੇ ਸਨ। ਭਾਈ ਸਾਹਿਬ ਜੀ ਦਾ ਸਾਰਾ ਪਰਿਵਾਰ ਹੀ ਗੁਰਬਾਣੀ ਕੀਰਤਨ ਨੂੰ ਸਮਰਪਿਤ ਹੈ। ਸਪੁੱਤਰ ਭਾਈ ਜਸਵੰਤ ਸਿੰਘ ਜੀ ਅਤੇ ਭਾਈ ਮਨਜੀਤ ਸਿੰਘ ਜੀ ਅੱਜਕਲ੍ਹ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਸੇਵਾ ਨਿਭਾ ਰਹੇ ਹਨ। ਉਹ ਭਾਈ ਸਾਹਿਬ ਜੀ ਦੀ ਕੀਰਤਨ ਸੈਲੀ ਨੂੰ ਬ੍ਰਕਰਾਰ ਰੱਖਦੇ ਹੋਏ ਭਾਈ ਸਾਹਿਬ ਦਾ ਨਾਮ ਰੋਸ਼ਨ ਕਰ ਰਹੇ ਹਨ।

ਭਾਈ ਸਾਹਿਬ ਦੇ ਕਈ ਰਿਕਾਰਡ ਅਤੇ ਕੈਸਟਾਂ ਮਿਲਦੀਆਂ ਹਨ। ਸਰਬ ਸਾਂਝੀ ਗੁਰਬਾਣੀ ਵਲੋਂ 1985 ਵਿੱਚ ਭਾਈ ਸਾਹਿਬ ਦੀ ਕੈਸਟ "ਪ੍ਰਭ ਡੋਰੀ ਹਾਥ ਤੁਮਾਰੇ" ਤਿਆਰ ਕੀਤੀ ਸੀ। ਜਿਸਨੂੰ ਸੁਣ ਕੇ ਭਾਈ ਸਾਹਿਬ ਦੀ ਗਾਇਕੀ ਅਤੇ ਪ੍ਰਤਿਭਾ ਦਾ ਪਤਾ ਲੱਗਦਾ ਹੈ। ਭਾਈ ਸਾਹਿਬ ਦੇ ਆਕਾਲ ਚਲਾਣਾ ਕੀਤੇ ਨੂੰ ਕਈ ਸਾਲ ਹੋ ਗਏ ਹਨ। ਪਰ ਉਹਨਾਂ ਦੀ ਯਾਦ ਉਹਨਾਂ ਦੇ ਗਾਇਨ ਕੀਤੇ ਸ਼ਬਦ ਸੁਣ ਕੇ ਤਾਜ਼ਾ ਹੋ ਜਾਂਦੀ ਹੈ।

**ਭਾਈ ਗੁਰਚਰਨ ਸਿੰਘ 'ਰਸੀਲਾ'** : ਭਾਈ ਗੁਰਚਰਨ ਸਿੰਘ ਜੀ 'ਰਸੀਲਾ' ਦਿੱਲੀ ਦੇ ਪ੍ਰਸਿੱਧ ਕੀਰਤਨੀਏ ਸਨ। ਆਪ ਜੀ ਦੇ ਕੀਰਤਨ ਵਿੱਚ ਅਨੋਖੀ ਖਿੱਚ ਸੀ। ਆਵਾਜ਼ ਵਿੱਚ ਬੜਾ ਹੀ ਸੁਰੀਲਾਪਣ ਸੀ। ਮੁਢਲੀ ਸੰਗੀਤ ਵਿਦਿਆ ਆਪਣੇ ਪਿਤਾ ਭਾਈ ਮਿਲਾਪ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ। ਪਿਤਾ ਭਾਈ ਮਿਲਾਪ ਸਿੰਘ ਜੀ ਵੀ ਸਿਆਣੇ ਕੀਰਤਨੀਏ ਸਨ।

ਪਿਤਾ ਜੀ ਤੋਂ ਸਿਖਿਆ ਪ੍ਰਾਪਤ ਕਰਕੇ ਆਪ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਭਾਈ ਚਤਰ ਸਿੰਘ ਜੀ ਨਾਲ ਸਾਈਡ ਤੇ ਲੱਗ ਗਏ ਉਹਨਾਂ ਤੋਂ ਕੀਰਤਨ ਦੀਆਂ ਸੂਖਮ ਬਰੀਕਿਆਂ ਨੂੰ ਸਮਝਿਆ।

ਕੁਝ ਸਮੇਂ ਬਾਅਦ ਭਾਈ ਸਾਹਿਬ ਰਸੀਲਾ ਜੀ ਆਪਣਾ ਜਥਾ ਬਣਾ ਕੇ ਕੀਰਤਨ ਕਰਨ ਲੱਗ ਪਏ। ਤੇ ਗੁ: ਮਾਡਲ ਟਾਊਨ ਦਿੱਲੀ ਵਿਖੇ ਸੇਵਾ ਆਰੰਭ ਕੀਤੀ। ਗੁ: ਸੀਸ ਗੰਜ ਸਾਹਿਬ ਵਿਖੇ ਵੀ ਭਾਈ ਸਾਹਿਬ ਨੇ ਕਾਫੀ ਸਮਾਂ ਕੀਰਤਨ ਸੁਣਨ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਦਿੱਲੀ ਦੀਆ ਪ੍ਰਮੁੱਖ ਕੀਰਤਨ ਸਟੇਜਾਂ- ਗੁ: ਪੰਜਾਬੀ ਬਾਗ, ਸਾਕੇਤ, ਕਿਰਤੀ ਨਗਰ ਵਿਖੇ ਵੀ ਕੀਰਤਨ ਸੇਵਾ ਨਿਭਾਉਂਦੇ ਰਹੇ।

ਬੈਂਕਾਂਕ, ਹਾਂਗਕਾਂਗ, ਸਿੰਘਾਪੁਰ, ਮਲੇਸ਼ੀਆ, ਨਰੋਬੀ, ਜਪਾਨ ਆਦਿ ਦਾ ਟੂਰ ਪ੍ਰਯੋਗ ਬਣ ਕੇ ਕੀਰਤਨ ਦੁਆਰਾ ਸੰਗਤਾਂ ਨੂੰ ਪ੍ਰਸੰਨ ਕਰਦੇ ਰਹੇ ਹਰ ਥਾਂ ਸੰਗਤਾਂ ਨੇ ਆਪ ਬਹੁਤ ਪਿਆਰ ਸਤਿਕਾਰ ਬਖਸਿਆ। ਇਸ ਟੂਰ ਪ੍ਰੋਗਰਾਮ ਵਿੱਚ ਸਾਈਡ ਤੇ ਭਾਈ ਸ਼ਰਨਜੀਤ ਸਿੰਘ ਅਤੇ ਤਬਲੇ ਤੇ ਭਾਈ ਅਜਮੇਰ ਸਿੰਘ ਨੇ ਆਪ ਜੀ ਨਾਲ ਸੰਗਤ ਕੀਤੀ।

ਹਾਂਗਕਾਂਗ ਵਿਖੇ ਇੱਕ ਵਾਰ ਭਾਈ ਸਾਹਿਬ ਜੀ ਕੀਰਤਨ ਕਰ ਰਹੇ ਸਨ ਤੇ ਸ਼ਹਿਰ ਵਿੱਚ ਪ੍ਰਸਿੱਧ ਗ਼ਜ਼ਲ ਗਾਇਕ ਜਗਜੀਤ ਸਿੰਘ ਚਿਤਰਾ ਸਿੰਘ ਦੀ ਗ਼ਜ਼ਲ ਮਹਿਫਲ ਚਲ ਰਹੀ ਸੀ। ਹੈਰਾਨੀ ਵਾਲੀ ਗੱਲ ਸੀ। ਗ਼ਜ਼ਲ ਮਹਿਫਲ ਵਿੱਚ ਚੰਦ ਕੁ ਪ੍ਰੇਮੀ ਬੈਠੇ ਸਨ ਤੇ ਭਾਈ ਸਾਹਿਬ ਦਾ ਕੀਰਤਨ ਸਰਵਣ ਕਰਨ ਆਈਆਂ ਸੰਗਤਾਂ ਨਾਲ ਗੁ: ਸਾਹਿਬ ਦਾ ਦਰਬਾਰ ਹਾਲ ਖਚਾਖਚ ਭਰਿਆ ਹੋਇਆ ਸੀ। ਇਹ ਭਾਈ ਸਾਹਿਬ ਦੇ ਕੀਰਤਨ ਦਾ ਕਮਾਲ ਸੀ।

ਇੱਕ ਵਾਰ ਭਾਈ ਸਾਹਿਬ ਜੀ ਦੀ ਸੰਗੀਤਕ ਯੋਗਤਾ ਅਤੇ ਰਸਭਿੰਨੇ ਕੀਰਤਨ ਤੋਂ ਫਿਲਮ ਜਗਤ ਦੇ ਪ੍ਰਸਿੱਧ ਸੰਗੀਤਕਾਰ ਸ੍ਰੀ ਰਵਿੰਦਰ ਜੈਨ ਬੜੇ ਪ੍ਰਭਾਵਤ ਹੋਏ ਉਹਨਾਂ ਨੇ ਆਪ ਨੂੰ ਫਿਲਮ ਜਗਤ ਵਿੱਚ ਆਉਣ ਲਈ ਪੇਸ਼ਕਸ ਕੀਤੀ ਪਰ ਭਾਈ ਸਾਹਿਬ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਮੈਨੂੰ ਤਾਂ ਗੁਰਬਾਣੀ ਕੀਰਤਨ ਕਰਕੇ ਹੀ ਅਨੰਦ ਆਉਂਦਾ ਹੈ ਅਤੇ ਅੰਤ ਤੱਕ ਕੀਰਤਨ ਹੀ ਕਰਦਾ ਰਹਾਂਗਾ। ਰਸੀਲਾ ਸਾਹਿਬ ਟੀ. ਵੀ ਰੇਡਿਓ ਦੇ ਏ ਕਲਾਸ ਦੇ ਕਲਾਕਾਰ ਸਨ।

ਇੱਕ ਵਾਰ ਦਿੱਲੀ ਵਿੱਚ ਇਨਾਮੀ ਕੀਰਤਨ ਦਰਬਾਰ ਹੋਇਆ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਭਾਈ ਅੰਗਦ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ, ਭਾਈ ਸਮਸ਼ੇਰ ਸਿੰਘ ਆਦਿ ਰਾਗੀ ਜਥੇ ਆਏ ਹੋਏ ਸਨ। ਇਸ ਕੀਰਤਨ ਦਰਬਾਰ ਵਿੱਚ ਭਾਈ ਗੁਰਚਰਨ ਸਿੰਘ ਰਸੀਲਾ ਨੂੰ ਵਿਸ਼ੇਸ਼ ਇਨਾਮ ਦੇ ਕੇ ਸਨਮਾਨਿਆ ਗਿਆ। ਸੁਰੀਲੇਪਨ ਵਿੱਚ ਇਹਨਾਂ ਦਾ ਕੋਈ ਸ਼ਾਨੀ ਨਹੀਂ ਸੀ।

ਭਾਈ ਸਾਹਿਬ ਬੰਬਈ ਲਖਨਊ, ਇੰਦੌਰ ਆਦਿ ਸਰਾਂ ਨਗਰਾਂ ਵਿੱਚ ਵੀ ਕਾਫੀ ਸਮਾਂ ਕੀਰਤਨ ਸੇਵਾ ਨਿਭਾਉਂਦੇ ਰਹੇ। ਇਸ ਤਰ੍ਹਾਂ ਕੀਰਤਨ ਸੇਵਾ ਕਰਦੇ ਹੋਏ ਅੰਤ ਭਾਈ ਸਾਹਿਬ 1986 ਵਿੱਚ ਗੁ: ਗੁਰੂ ਅਰਜਨ ਦੇਵ ਜੀ ਵਿਸ਼ਨੂਪੁਰੀ ਇੰਦੌਰ ਵਿਖੇ ਆਪਣਾ ਪੰਜ ਭੂਤਕ ਸਰੀਰ ਤਿਆਗ ਗਏ।

ਅੱਜ ਕੱਲ ਭਾਈ ਸਾਹਿਬ ਦੇ ਛੋਟੇ ਭਰਾ ਭਾਈ ਨਾਨਕ ਸਿੰਘ ਪ੍ਰੀਤ ਜੋ ਕਾਫੀ ਸਮਾ ਸਾਇਡ ਤੇ ਸੰਗਤ ਕਰਦੇ ਰਹੇ ਅਤੇ ਭਾਈ ਸਾਹਿਬ ਦੇ ਸਪੁੱਤਰ ਭਾਈ ਸੁਰਜੀਤ ਸਿੰਘ ਰਸੀਲਾ ਵੀ ਉਹਨਾਂ ਦੀ ਸ਼ੈਲੀ ਅਨੁਸਾਰ ਮਨੋਹਰ ਕੀਰਤਨ ਕਰਦੇ ਹਨ ਤੇ ਭਾਈ ਸਾਹਿਬ ਦਾ ਨਾਮ ਰੋਸ਼ਨ ਕਰ ਰਹੇ ਹਨ। ਭਾਈ ਸਾਹਿਬ ਦੀ ਇੱਕ ਕੈਸਟ 'ਵਡੀ ਤੇਰੀ ਵਡਿਆਈ' T.P.M. ਵਾਲਿਆਂ ਨੇ ਤਿਆਰ ਕੀਤੀ ਸੀ ਬਹੁਤ ਪਾਪੂਲਰ ਹੋਈ।

ਭਾਈ ਸਾਹਿਬ ਬਾਰੇ ਇਹ ਸੰਖੇਪ ਜਾਣਕਾਰੀ ਦਾਸ ਨੂੰ ਭਾਈ ਸਾਹਿਬ ਦੇ ਸਹਾਇਕ ਰਾਗੀ ਭਾਈ ਸਰਨਜੀਤ ਸਿੰਘ ਹੁਰਾਂ ਨੇ ਹਾਂਗਕਾਂਗ ਵਿਖੇ ਦਿੱਤੀ।

# ਕੀਰਤਨ ਵਿੱਚ ਤਬਲਾ ਵਾਦਨ


## ਪ੍ਰੋ. ਪਰਮਜੀਤ ਸਿੰਘ

ਸੰਗੀਤ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ


ਪੁਰਾਤਨ ਕਾਲ ਵਿੱਚ ਗੁਰਬਾਣੀ ਕੀਰਤਨ ਨਾਲ ਤਾਲ ਸਾਜ਼ ਵਜੋਂ ਪਖਾਵਜ, ਮਿਰਦੰਗ, ਢੋਲਕ ਆਦਿ ਦੀ ਵਰਤੋਂ ਹੁੰਦੀ ਰਹੀ ਹੈ। ਪਰ ਅਜਕਲ ਗੁਰਬਾਣੀ ਕੀਰਤਨ ਨਾਲ ਤਬਲੇ ਦਾ ਵਾਦਨ ਹੀ ਪ੍ਰਚਲਤ ਹੈ। ਤਬਲਾ ਵਾਦਨ ਵੱਖ ਵੱਖ ਤਰੀਕਿਆਂ ਨਾਲ ਕੀਤਾ ਜਾਂਦਾ ਹੈ। ਜਦੋਂ ਤਬਲਾ ਸੋਲੋ ਰੂਪ ਵਿੱਚ ਵਜਾਇਆ ਜਾਂਦਾ ਹੈ ਤਾਂ ਇਸ ਦੀ ਵਾਦਨ ਸ਼ੈਲੀ ਵੱਖਰੀ ਹੁੰਦੀ ਹੈ, ਜਦੋਂ ਕਲਾਸੀਕਲ ਗਾਇਨ-ਵਾਦਨ ਨਾਲ ਤਬਲਾ ਵਜਾਇਆ ਜਾਂਦਾ ਹੈ ਤਾਂ ਇਸ ਦੀ ਸ਼ੈਲੀ ਵੱਖ ਹੋ ਜਾਂਦੀ ਹੈ। ਗਜ਼ਲ ਆਦਿ ਵੇਲੇ ਦੀ ਤਬਲੇ ਦੀ ਸ਼ੈਲੀ ਨਿਵੇਕਲੀ ਹੁੰਦੀ ਹੈ। ਇਸੇ ਤਰ੍ਹਾਂ ਕੀਰਤਨ ਸਮੇਂ ਵੀ ਤਬਲਾ ਵਜਾਉਣ ਦਾ ਤਰੀਕਾ ਵੱਖਰਾ ਹੁੰਦਾ ਹੈ। ਜੇ ਇਸ ਗੱਲ ਨੂੰ ਸਮਝ ਲਿਆ ਜਾਵੇ ਤਾਂ ਕੀਰਤਨ ਦਾ ਪ੍ਰਭਾਵ ਵਧ ਜਾਂਦਾ ਹੈ।

ਇੱਕ ਅੱਛਾ ਤਬਲਾ ਵਾਦਕ ਕੀਰਤਨ ਦੇ ਪ੍ਰਭਾਵ ਨੂੰ ਚੰਗੇਰਾ ਬਣਾ ਸਕਦਾ ਹੈ ਅਤੇ ਢਿੱਲਾ ਤਬਲਾ ਵਾਦਕ ਇਸ ਪ੍ਰਭਾਵ ਨੂੰ ਘਟਾ ਦਿੰਦਾ ਹੈ। ਕੀਰਤਨੀ ਜਥੇ ਵਿੱਚ ਤਬਲਾ ਵਾਦਕ ਕੀਰਤਨ ਵਿੱਚ ਸ਼ਬਦ ਗਾਇਨ ਵੀ ਕਰਦਾ ਹੈ। ਜਦੋਂ ਕਿ ਬਾਕੀ ਗਾਇਨ ਸ਼ੈਲੀਆਂ ਵਿੱਚ ਐਸਾ ਨਹੀਂ ਹੁੰਦਾ। ਇਸ ਕਰਕੇ ਕੀਰਤਨ ਵਿੱਚ ਤਬਲਾ ਵਾਦਕ ਦੀ ਕੀਰਤਨੀਆਂ ਨਾਲ ਮਿਲਤ ਹੋਣੀ ਜ਼ਰੂਰੀ ਹੈ। ਕਈ ਤਬਲਾ ਵਾਦਕ ਕੀਰਤਨ ਸਮੇਂ ਗਾਇਨ ਨਹੀਂ ਕਰਦੇ ਅਜਿਹੇ ਤਬਲਾ ਵਾਦਕ ਦਾ ਤਬਲਾ ਵੀ ਕੀਰਤਨ ਨਾਲ ਇੱਕ ਰਸ ਨਹੀਂ ਹੁੰਦਾ ਸਗੋਂ ਉਹ ਅਲਗ ਜਿਹਾ ਹੀ ਰਹਿੰਦਾ ਹੈ। ਕਈ ਤਬਲਾ ਵਾਦਕ ਤਾਂ ਕੀਰਤਨ ਸਮੇਂ ਆਲਾਪ ਤਾਨ ਆਦਿ ਵੀ ਲੈਂਦੇ ਦੇਖੇ ਗਏ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜੇ ਕੀਰਤਨ ਨਾਲ ਤਬਲਾ ਵਜਾਉਣ ਵਾਲੇ ਨੂੰ ਤਾਲ ਗਿਆਨ ਦੇ ਨਾਲ ਨਾਲ ਰਾਗ ਗਿਆਨ ਅਤੇ ਗੁਰਬਾਣੀ ਦਾ ਗਿਆਨ ਵੀ ਹੋਵੇ ਤਾਂ ਕੀਰਤਨ ਚੰਗਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ।

ਕੀਰਤਨ ਸਮੇਂ ਤਬਲਾ ਵਜਾਉਣ ਵਾਲੇ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਕਿਸ ਮੌਕੇ ਤੇ ਕਿਸ ਤਰ੍ਹਾਂ ਦਾ ਤਬਲਾ ਵਜਾਉਣਾ ਹੈ। ਜੇ ਮ੍ਰਿਤਕ ਦੇ ਭੋਗ ਸਮੇਂ ਕੀਰਤਨ ਹੋ ਰਿਹਾ ਹੈ ਤਾਂ ਤਬਲਾ ਵਾਦਕ ਨੂੰ ਤਬਲਾ ਬਿਲਕੁਲ ਸਾਦਾ ਵਜਾਉਣਾ ਚਾਹੀਦਾ ਹੈ। ਅਜਿਹੇ ਸਮੇਂ ਤਿਟਕਿਟਾਂ ਤਿਹਾਈਆਂ ਬੇਰਸੀ ਪੈਦਾ ਕਰਦੀਆਂ ਹਨ।

ਕੁਝ ਗੱਲਾਂ ਤਾਂ ਐਸੀਆਂ ਹਨ ਜਿਹਨਾਂ ਦਾ ਧਿਆਨ ਰੱਖਣਾ ਲਾਜਮੀ ਹੈ:

**ਤਬਲੇ ਨੂੰ ਸੁਰ ਕਰਨਾ ਜਾਂ ਮਿਲਾਉਣਾ:** ਕੀਰਤਨ ਸ਼ੁਰੂ ਕਰਨ ਤੋਂ ਪਹਿਲਾਂ ਮੁੱਖ ਰਾਗੀ ਦੇ ਖੱਬੇ ਹੱਥ ਅਦਬ ਨਾਲ ਬੈਠਣਾ ਹੈ। ਕਈ ਗੁਰਦੁਆਰਾ ਸਾਹਿਬਾਨ ਵਿੱਚ ਤਬਲਾ ਵਾਦਕ ਸੱਜੇ ਪਾਸੇ ਵੀ ਬੈਠਦੇ ਹਨ। ਕੀਤਰਨ ਤੋਂ ਪਹਿਲਾਂ ਤਬਲਾ ਮਿਲਾਉਣਾ ਜ਼ਰੂਰੀ ਹੈ। ਸਜੇ ਤਬਲੇ ਨੂੰ ਰਾਗੀ ਸਿੰਘ ਦੇ ਦਿੱਤੇ ਸੁਰ ਨਾਲ ਮਿਲਾਇਆ ਜਾਣਾ ਚਾਹੀਦਾ ਹੈ। ਕਈ ਤਬਲੇ ਵਾਲੇ ਬਿਨਾ ਸੁਰ ਕੀਤੇ ਤਬਲੇ ਵਜਾਉਣ ਲੱਗ ਪੈਂਦੇ ਹਨ। ਇਸ ਨਾਲ ਕੀਰਤਨੀਆਂ ਅਤੇ ਤਬਲਾ ਵਾਦਕ ਦੀ ਯੋਗਤਾ ਉੱਤੇ ਵੱਡਾ ਪ੍ਰਸ਼ਨ ਚਿੰਨ੍ਹ ਲਗ ਜਾਂਦਾ ਹੈ। ਜਦੋਂ ਤਬਲਾ ਸੁਰ ਕੀਤਾ ਜਾਂਦਾ ਹੈ ਤਬਲੇ ਦੇ ਨਾਲ ਨਾਲ ਸਾਡਾ ਮਨ ਵੀ ਸੁਰ ਨਾਲ ਮਿਲਦਾ ਹੈ। ਸੰਗਤ ਵੀ ਇਸ ਸੁਰ ਕਰਨ ਵਾਲੀ ਪ੍ਰਕਿਰਿਆ ਨੂੰ ਧਿਆਨ ਵਾਚਦੀ ਹੈ।

**ਤਬਲੇ ਵਿੱਚ ਕਾਕੂ ਦਾ ਪ੍ਰਯੋਗ:** ਡੁੱਗੀ ਜਾਂ ਧਾਮੇ ਦੇ ਸੁਰ ਦੇ ਉਤਰਾਉ-ਚੜਾਉ ਦੀ ਕਿਰਿਆ ਨੂੰ ਕਾਕੂ ਕਹਿੰਦੇ ਹਨ। ਤਬਲੇ ਜਾਂ ਜੋੜੀ ਵਿੱਚ ਕਾਕੂ ਦਾ ਪ੍ਰਯੋਗ ਕਰਕੇ ਅਸੀਂ ਕੀਰਤਨ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਸਕਦੇ ਹਾਂ। ਆਮ ਕਰਕੇ ਦੇਖਿਆ ਗਿਆ ਹੈ ਕਿ ਕਈ ਤਬਲਾ ਵਾਦਕ ਧਾਮੇ ਜਾਂ ਡੁਗੀ ਦਾ ਪ੍ਰਯੋਗ ਘਟ ਕਰਦੇ ਹਨ ਅਤੇ ਕਈ ਬਹੁਤ ਵਧ ਕਰਦੇ ਹਨ। ਤਬਲੇ ਦੇ ਦੋਵੇਂ (ਸੱਜਾ ਅਤੇ ਖੱਬਾ ਤਬਲਾ) ਹਿੱਸਿਆ ਦਾ ਬਰਾਬਰ ਪ੍ਰਯੋਗ ਹੋਣਾ ਚਾਹੀਦਾ ਹੈ। ਡੁੱਗੀ ਜਾਂ ਧਾਮੇ ਨੂੰ ਦਬਾਉਣ ਨਾਲ ਉਸ ਦੇ ਬੋਲਾਂ ਵਿੱਚ ਲਚਕ ਲਿਆਂਦੀ ਜਾਂਦੀ ਹੈ। ਇਸ ਨਾਲ ਪ੍ਰਭਾਵ ਵਧ ਜਾਂਦਾ ਹੈ। ਗੀਤ ਦੀ ਸ਼ੈਲੀ ਅਨੁਸਾਰ ਡੁੱਗੀ ਜਾਂ ਧਾਮੇ ਦੀ ਗਮਕ ਨੂੰ ਵਧਾਇਆ ਘਟਾਇਆ ਜਾਂਦਾ ਹੈ।

**ਸੰਗਤ ਕਰਨ ਸਮੇਂ ਬੋਲਾਂ ਦਾ ਪ੍ਰਯੋਗ:** ਤਬਲਾ ਵਾਦਕ ਨੂੰ ਸੰਗਤ ਕਰਨ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਮੁੱਖ ਕੰਮ ਕੀਰਤਨ ਹੈ। ਤਬਲਾ ਵਾਦਕ ਕੀਰਤਨੀਏ ਨਾਲ ਸੰਗਤ ਕਰ ਰਿਹਾ ਹੈ। ਕਈ-ਕਈ ਤਬਲਾ ਵਾਦਕ ਆਪਣੇ ਸਾਰੇ ਸਿੱਖੇ ਕੰਮ ਨੂੰ ਕੀਰਤਨ ਵਿੱਚ ਵਜਾਉਣ ਲੱਗ ਪੈਂਦੇ ਹਨ ਜਿਸ ਨਾਲ ਇੰਜ ਜਾਪਣ ਲੱਗ ਪੈਂਦਾ ਹੈ ਜਿਵੇਂ ਕੀਰਤਨੀਆ ਤਬਲਾ ਵਾਦਕ ਨਾਲ ਸੰਗਤ ਕਰ ਰਿਹਾ ਹੈ। ਇਸ ਲਈ ਤਬਲਾ ਇੰਜ ਵਜਾਇਆ ਜਾਵੇ ਜਿਸ ਨਾਲ ਕੀਰਤਨ ਦੇ ਪ੍ਰਭਾਵ ਵਿੱਚ ਵਾਧਾ ਹੋਵੇ ਜੇ ਕੀਰਤਨ ਤੋਂ ਬਾਦ ਕੇਵਲ ਤਬਲਾ ਵਾਦਕ ਦੀ ਸਿਫਤ ਹੁੰਦੀ ਹੈ ਤਾਂ ਸਮਝੋ ਕੀਰਤਨ ਦਾ ਪ੍ਰਭਾਵ ਕੁਝ ਘਟ ਗਿਆ।

**ਡੰਡਉਤ ਨਾਲ ਸੰਗਤ ਕਰਨੀ:** ਕਈ ਰਾਗੀ ਸਿੰਘ ਕੀਰਤਨ ਤੋਂ ਪਹਿਲਾਂ ਡੰਡਉਤ ਜਾਂ ਮੰਗਲਾ ਚਰਣ ਕਰਦੇ ਹਨ ਜੋ ਕਿ ਵਿਲੰਬਤ ਲੈਅ ਵਿੱਚ ਕੀਤਾ ਜਾਂਦਾ ਹੈ। ਇਸ ਸਮੇਂ ਆਮ ਤੌਰ ਵਿਲੰਬਤ ਇੱਕ ਤਾਲ ਦਾ ਠੇਕਾ ਲਗਾਇਆ ਜਾਂਦਾ ਹੈ। ਪਰ ਜੇ ਕਿਸੇ ਤਬਲਾ ਵਾਦਕ ਨੂੰ ਇਹ ਠੇਕਾ ਨਹੀਂ ਆਉਂਦਾ ਤਾਂ ਉਹ ਚੁਪ ਚਾਪ ਬੈਠਾ ਰਹੇ ਐਵੇਂ ਕਹਿਰਵਾ ਜਾਂ ਕੋਈ ਹੋਰ ਤਾਲ ਨਹੀਂ ਵਜਾਉਣੀ ਚਾਹੀਦੀ।

**ਸਮ ਦਿਖਾਉਣਾ:** ਮੰਗਲਾਚਰਣ ਤੋਂ ਬਾਦ ਜਦੋਂ ਰਾਗੀ ਸਿੰਘ ਸ਼ਬਦ ਦਾ ਗਾਇਨ ਸ਼ੁਰੂ ਕਰਨ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੋਈ ਮੋਹਰਾ ਵਜਾ ਕੇ ਸਮ ਤੇ ਮਿਲਿਆ ਜਾਵੇ। ਸੰਗਤ ਕਰਨ ਸਮੇਂ ਠੇਕਾ ਭਰਕੇ ਅਤੇ ਲੈਅ ਦਾ ਧਿਆਨ ਰੱਖਕੇ ਲਗਾਉਣਾ ਚਾਹੀਦਾ ਹੈ। ਸਮ ਤੇ ਵਧੇਰੇ ਵਜਨ ਦੇਣਾ ਚਾਹੀਦਾ ਹੈ। ਅਗਰ ਕੋਈ ਲੱਗੀ ਜਾਂ ਲੜੀ ਵਜਾਈ ਜਾਵੇ ਤਾਂ ਉਹ ਗਾਇਨ ਅਨੁਸਾਰ ਢੁਕਵੀਂ ਹੋਣੀ ਚਾਹੀਦੀ ਹੈ, ਨਹੀਂ ਤਾਂ ਨਾ ਵਜਾਈ ਜਾਵੇ। ਲੱਗੀ ਤੋਂ ਬਾਦ ਤਿਹਾਈ ਉਹਨਾਂ ਹੀ ਬੋਲਾਂ ਅਨੁਸਾਰ ਹੋਣੀ ਚਾਹੀਦੀ ਹੈ। ਇਹ ਸਾਰੀਆਂ ਕਿਰਿਆਵਾਂ ਕਰਦੇ ਹੋਏ ਜਦੋਂ ਠਾਅ ਲੈਅ ਵਿੱਚ ਆਉਣਾ ਹੈ ਤਾਂ ਲੈਅ ਦਾ ਧਿਆਨ ਰੱਖਣਾ ਹੈ ਅਤੇ ਸਮ ਨੂੰ ਚੰਗੀ ਤਰ੍ਹਾਂ ਭਰ ਕੇ ਦਿਖਾਂਦੇ ਰਹਿਣਾ ਹੈ।

**ਕਲਾਸੀਕਲ ਢੰਗ ਅਨੁਸਾਰ ਕੀਰਤਨ:** ਜਦੋਂ ਰਾਗੀ ਸਿੰਘ ਕੋਈ ਸ਼ਬਦ ਰਾਗ ਵਿੱਚ ਅਤੇ ਸ਼ਾਸਤਰੀ ਤਾਲ ਅਰਥਾਤ 10, 12, 14, 16 ਮਾਤਰਾਵਾਂ ਵਿੱਚ ਗਾਇਨ ਕਰਨ ਤਾਂ ਸ਼ਬਦ ਸ਼ੁਰੂ ਕਰਨ ਵੇਲੇ ਕੋਈ ਛੋਟੀ ਜਿਹੀ ਉਠਾਨ ਜਾਂ ਮੁਖੜਾ ਵਜਾਇਆ ਜਾ ਸਕਦਾ ਹੈ, ਜੋ ਕਿ 2 ਜਾਂ 3 ਆਵਰਤਨਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ। ਜਦੋਂ ਰਾਗੀ ਸਿੰਘ ਸ਼ਬਦ ਗਾਇਨ ਕਰਦੇ ਹੋਏ ਅਲਾਪ ਜਾਂ ਤਾਨ ਦਾ ਪ੍ਰਯੋਗ ਕਰ ਰਹੇ ਹੋਣ ਤਾਂ ਤਬਲਾ-ਵਾਦਕ ਨੂੰ ਬਿਲਕੁਲ ਭਰਵਾਂ ਠੇਕਾ ਰਖਦੇ ਹੋਏ ਬਾਰ-ਬਾਰ ਸਮ ਦਿਖਾਂਦੇ ਰਹਿਣਾ ਚਾਹੀਦਾ ਹੈ। ਰਾਗੀ ਸਿੰਘ ਜਦੋਂ ਅੰਤਰਾ ਗਾ ਕੇ ਸਥਾਈ ਤੇ ਆਵੇ ਤਾਂ ਉੱਥੇ 2-3 ਆਵਰਤਨ ਵਿੱਚ ਕੁਝ ਬੋਲ ਢੁਕਵੀਂ ਤਿਹਾਈ ਸਮੇਤ ਵਜਾ ਕੇ ਸਮ ਤੇ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਸੰਗਤ ਕਰਨ ਵੇਲੇ ਲੈਅ ਨਹੀਂ ਵਧਣੀ ਚਾਹੀਦੀ। ਨਹੀਂ ਤਾਂ ਜਦੋਂ ਬਾਅਦ ਵਿੱਚ ਲੈਅ ਘਟਾਈ ਜਾਂਦੀ ਹੈ ਤਾਂ ਇਕਸਾਰਤਾ ਖਤਮ ਹੋ ਜਾਂਦੀ ਹੈ, ਜਿਸ ਨਾਲ ਇਕਾਗਰਤਾ ਭੰਗ ਹੁੰਦੀ ਹੈ ਅਤੇ ਬੇਰਸੀ ਹੁੰਦੀ ਹੈ। ਬੋਲਾਂ ਨੂੰ ਬੜੇ ਅਦਬ ਨਾਲ ਵਜਾਉਣਾ ਚਾਹੀਦਾ ਹੈ ਕਿਉਂਕਿ ਇਹ ਕੋਈ ਆਮ ਸੰਗੀਤ ਦੀ ਮਹਿਫਿਲ ਨਹੀਂ ਜਿੱਥੇ ਤੁਸੀਂ ਆਪਣੀ ਹਉਮੈਂ ਦਾ ਪ੍ਰਗਟਾਵਾ ਕਰਨਾ ਹੈ। ਇੱਥੇ ਤਾਂ ਤੁਸੀਂ ਕੀਰਤਨ ਰਾਹੀਂ ਸ਼ਰਧਾ ਭੇਟ ਕਰਨੀ ਹੈ।

ਜੇ ਤਬਲਾ ਵਾਦਕ ਸੁਰ ਲੈਅ ਦਾ ਧਿਆਨ ਰੱਖਕੇ ਢੁਕਵੇਂ ਬੋਲਾਂ ਸਹਿਤ ਸ਼ਰਧਾ ਨਾਲ ਤਬਲਾ ਵਜਾਏਗਾ ਤਾਂ ਨਿਸਚੇ ਹੀ ਉਸ ਨੂੰ ਚੰਗਾ ਤਬਲਾ ਵਾਦਕ ਕਿਹਾ ਜਾਵੇਗਾ।


## ਹਿੰਦੁਸਤਾਨੀ ਸੰਗੀਤ ਪਧੱਤੀ

ਕ੍ਰਮਿਕ ਪੁਸਤਕ-ਮਾਲਿਕਾ (ਪਹਿਲੀ ਪੁਸਤਕ)

ਪੰਡਤ ਵਿਸ਼ਨੂੰ ਨਾਰਾਇਨ ਭਾਤਖੰਡੇ ਜੀ ਦੀ ਰਚੀ ਪੁਸਤਕ ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।

**ਕੀਮਤ:** ਕੇਵਲ 30 ਰੁ: (ਡਾਕ ਖਰਚ ਵੱਖਰਾ)

**ਅੰਮ੍ਰਿਤ ਕੀਰਤਨ ਟ੍ਰਸਟ**

1246/I, ਸੈਕਟਰ 22-ਬੀ, ਚੰਡੀਗੜ੍ਹ 160 022

**ਫੋਨ:** 0172-701396, 713915 **E-mail:** drjagirsingh@rediffmail.com

# ਰੂੰਘਾਂ ਵਾਲੇ ਕਵਾਲ (ਮੁਹੰਮਦ ਸ਼ਰੀਫ ਦੇ ਸਾਥੀ)


## ਹਰਭਜਨ ਸਿੰਘ ਬਟਾਲਵੀ

1182, ਸੈਕਟਰ 44-ਬੀ, ਚੰਡੀਗੜ੍ਹ


ਕਹਿੰਦੇ ਨੇ ਹੀਰ ਦੀ ਕਹਾਣੀ ਜਾਂ ਹੀਰ ਦਾ ਕਿੱਸਾ ਜਿੰਨੇ ਕਵੀਆਂ, ਸ਼ਾਇਰਾਂ ਆਦਿ ਨੇ ਲਿਖਿਆ ਹੈ ਉਨੀ ਸ਼ਾਇਦ ਹੀ ਹੋਰ ਕੋਈ ਪੁਸਤਕ ਲਿਖੀ ਗਈ ਹੋਵੇ। ਵਿਦਵਾਨ ਲੋਕ ਇਹਨਾਂ ਲਿਖਣ ਵਾਲਿਆਂ ਦੀ ਗਿਣਤੀ ਇੱਕ ਸੌ ਤੋਂ ਵੀ ਉੱਪਰ ਦਸਦੇ ਨੇ ਅਤੇ ਕਈ ਆਦਮੀ ਹੀਰ ਦੇ ਕਿੱਸਿਆਂ ਉੱਤੇ ਕੰਮ ਕਰ ਕੇ ਪੀ. ਐਚ. ਡੀ. ਦੀ ਉਚ-ਡਿਗਰੀ ਪ੍ਰਾਪਤ ਕਰ ਚੁੱਕੇ ਨੇ। ਸ਼ਾਇਦ ਅੱਜ ਤੱਕ ਕਿਸੇ ਨੇ ਅਣਲਿਖੀ ਹੀਰ ਵਲ ਕੋਈ ਧਿਆਨ ਨਹੀਂ ਦਿੱਤਾ।

ਮੁਸਲੱਕਾ ਰਿਆਸਤ ਮਲੇਰਕੋਟਲਾ ਦੇ ਸ਼ਹਿਰ ਦੀ ਬਗਲ ਵਿੱਚ ਇੱਕ ਛੋਟਾ ਜਿਹਾ ਪਿੰਡ ਮੁਬਾਰਕਪੁਰ ਰੂੰਘਾਂ। ਦਾਨਾ ਤੇ ਮਾਨਾ ਉਥੋਂ ਦੇ ਦੋ ਮੁਸਲਮਾਨ ਭਰਾ ਸਨ। ਦੋਵੇਂ ਹੀਰ 'ਕਹਿੰਦੇ' ਸੀ (ਲਿਖੀ ਨਹੀਂ) ਅੱਜ ਤੋਂ ਕੋਈ ਤਿੰਨ ਸੌ ਸਾਲ ਪਹਿਲਾਂ ਦੋਹਾਂ ਦੇ ਪੋਤਰੇ ਪੜਪੋਤਰੇ ਅਜੇ ਵੀ ਉਹਨਾਂ ਦੀਆਂ 'ਹੀਰਾਂ' ਨੂੰ ਉਵੇਂ ਹੀ 'ਕਹਿੰਦੇ' ਨੇ.ਪਰ ਇਹ ਲਿਖਤੀ ਰੂਪ ਵਿੱਚ ਅਜੇ ਤੱਕ ਵੀ ਨਹੀਂ ਮਿਲਦੀ। ਦੋਹਾਂ ਦੀ ਤਰਜ਼ ਤੇ ਵਜ਼ਨ ਵੱਖਰਾ ਵੱਖਰਾ ਹੈ। ਦਾਨੇ ਦੇ ਖਾਨਦਾਨ ਵਿੱਚੋਂ ਸਨ ਬਾਬਾ ਲਹਿਣੇ ਖਾਂ, ਬਾਬਾ ਹੁਸਨ ਬਖ਼ਸ਼ ਜੋ ਹੈਦਰਬਖ਼ਸ਼ ਦੇ ਪਿਤਾ ਸਨ ਅਤੇ ਹੁਣ ਵਾਲੇ ਕਵਾਲ ਮੁਹੰਮਦ ਸ਼ਰੀਫ ਤੇ ਉਸਦੇ ਸਾਥੀ। ਬਾਬਾ ਲਹਿਣੇ ਖਾਂ ਦਾਅਵਾ ਕਰਦੇ ਸੀ ਕਿ ਜਿੱਥੇ ਉਹ ਹੀਰ ਗਾਉਂਦੇ ਨੇ ਉੱਥੇ ਹੀਰ ਆਉਂਦੀ ਹੈ, ਭਾਵੇਂ ਕਮਰਾ ਬੰਦ ਕਰਕੇ ਸੁਆਹ ਖਲਾਰ ਕੇ ਉਸਦੇ ਪੈਰਾਂ ਦੇ ਨਿਸ਼ਾਨ ਵੇਖ ਲਓ।

ਹੁਣ ਵਾਲੇ ਮਲੇਰਕੋਟਲੇ ਦੇ ਨਵਾਬ ਦੇ ਪੜਦਾਦੇ ਸਿਕੰਦਰ ਅਲੀ ਖਾਂ ਬਾਬੇ ਲਹਿਣੇ ਕੋਲੋਂ ਹੀਰ ਸੁਣਨ ਲੱਗੇ, ਰੋਜ਼ ਰਾਤ ਨੂੰ ਦੋ ਘੰਟੇ ਸੁਣਦੇ ਜਦੋਂ ਛੇ ਮਹੀਨੇ ਹੋ ਗਏ ਤਾਂ ਨਵਾਬ ਪੁਛਣ ਲੱਗੇ ਕਦੋਂ ਮੁਕੇਗੀ? ਲਹਿਣਾ ਕਹਿਣ ਲੱਗਾ- "ਜੀ ਅਜੇ ਤਾਂ ਰਾਂਝਾ ਜੰਮਿਆ ਵੀ ਨਹੀਂ।" ਨਵਾਬ ਨੇ ਖੁਸ਼ ਹੋ ਕੇ 50 ਵਿਘੇ ਜਗੀਰ ਦਿੱਤੀ ਸੀ। ਅੰਗਰੇਜ਼ਾਂ ਦੇ ਸਮੇਂ ਲੁਧਿਆਣੇ ਹੀਰ ਗਾਈ- ਜਦੋਂ ਹੀਰ ਰਾਂਝੇ ਨੂੰ ਕਹਿੰਦੀ ਐ ਮੈਨੂੰ ਕੱਢ ਕੇ ਲੈ ਜਾ, ਤਾਂ ਰਾਤ ਰਾਤ ਲੁਧਿਆਣੇ ਵਿੱਚੋਂ 50 ਔਰਤਾਂ ਆਪਣੇ ਪ੍ਰੇਮੀਆਂ ਨਾਲ ਦੌੜ ਗਈਆਂ ਸਨ। ਡਿਪਟੀ ਕਮਿਸ਼ਨਰ ਨੇ ਹੀਰ ਗਾਉਣਾ ਬੰਦ ਕਰਾ ਦਿੱਤਾ। ਮਹਾਰਾਜਾ ਨਾਭਾ ਸ੍. ਹੀਰਾ ਸਿੰਘ ਨੇ ਵੀ ਇਸੇ ਤਰ੍ਹਾਂ 12 ਸਾਲ ਤੱਕ ਹੀਰ ਦਾ ਗਾਉਣਾ ਆਪਣੀ ਰਿਆਸਤ ਵਿੱਚ ਬੰਦ ਕਰ ਛੱਡਿਆ ਸੀ। ਮੁਹੰਮਦ ਸ਼ਰੀਫ ਦੀ ਪਾਰਟੀ ਵਿੱਚ ਸੱਤ ਬੰਦੇ ਨੇ, ਮੁਹੰਮਦ ਰਫੀਕ, ਮੁਹੰਮਦ ਸ਼ਰੀਫ, ਅਸਗ਼ਰ ਅਲੀ, ਗ਼ੁਲਾਮ ਅਲੀ, ਗ਼ੁਲਾਮ ਭੀਖ਼, ਮੁਹੰਮਦ ਸਗੀਰ, ਤੇ ਅਰਸ਼ਦ ਅਲੀ। ਇਹ ਦੋ ਤਿੰਨ ਪੀੜ੍ਹੀਆਂ ਦਾ ਮਿਲਗੋਭਾ ਹੈ। ਵਿੱਚੇ ਹੀ ਇੱਕ ਉਨ੍ਹਾਂ ਦਾ ਭਾਣਜਾ, ਤਿੰਨ ਲੜਕੇ, ਇੱਕ ਭਤੀਜਾ ਅਤੇ ਇੱਕ ਵੱਡਾ ਭਰਾ ਹੈ। ਪਿਛਲੀਆਂ ਕਈ ਪੀੜ੍ਹੀਆਂ ਤੋਂ ਉਹ ਉਨ੍ਹਾਂ ਦਾ ਜੱਦੀ ਪੇਸ਼ਾ ਹੈ, ਆਪਣੇ ਆਪ ਮੁੰਡੇ ਜਵਾਨ ਹੋ ਹੋ ਪਾਰਟੀ ਵਿੱਚ ਰਲਦੇ ਜਾਂਦੇ ਨੇ ਅਤੇ ਬਜ਼ੁਰਗ ਹੋ ਹੋ ਛੱਡੀ ਜਾਂਦੇ ਨੇ, ਪਾਰਟੀ ਉਂਜ ਦੀ ਉਂਜ ਰਹਿੰਦੀ ਹੈ। ਇਮਾਮ ਨਾਸਰ, ਸਰਹੰਦ ਸ਼ਰੀਫ਼, ਬੰਦਗੀ ਸਾਹਿਬ, ਰੋਜ਼ੇ ਸ਼ਰੀਫ਼, ਮੀਰਾਂ ਭੀਖ ਸਾਹਿਬ ਆਦਿ ਦੇ ਉਹ ਪਗੜੀ ਪੋਸ਼ ਕਵਾਲ ਨੇ।

ਉਨ੍ਹਾਂ ਦੀ ਹੀਰ ਪਉੜੀਆਂ ਵਿੱਚ ਹੈ ਤੇ ਕਥਾ ਦੀ ਤਰ੍ਹਾਂ ਉਹ ਸੁਣਾਉਂਦੇ ਨੇ। ਨਿਕਾਹ ਵੇਲੇ ਦੀ ਇੱਕ ਪਉੜੀ:

*ਉਮਦ ਮੱਝ ਮੁਹੰਮਦ ਮਾਹੀ ਛਿੜਦੀ ਰੰਗ ਬਰੰਗੀ,*
*ਅਗੇ ਖ਼ਾਲਕ ਲੇਖਾ ਮੰਗਦਾ ਤੇਗ਼ ਫ਼ਿਰੂਗੀ ਨੰਗੀ,*
*ਅਮਲਾਂ ਪਿੱਛੇ ਹੋਣ ਨਬੇੜੇ ਕਿਆ ਸੂਫ਼ੀ ਕਿਆ ਭੰਗੀ,*
*ਬਹਿਸ਼ਤੋਂ ਬਖ਼ਾਰਾ ਉਹੀਓ ਲੇਣਗੇ, ਨੀਤ ਜਿਨ੍ਹਾਂ ਦੀ ਚੰਗੀ।*

ਜਾਂ ਫਿਰ ਜਨਮ ਵੇਲੇ:

*ਤਖ਼ਤ ਹਜ਼ਾਰੇ ਹੋਇਆ ਪੈਦਾ ਘਰ ਘਰ ਹੋਈ ਸ਼ਾਦੀ,*
*ਢੋਲ ਢਮੱਕੇ ਵੱਜਣ ਲੱਗੇ ਦੇਣ ਮੁਬਾਰਕ ਲਾਗੀ,*
*ਜੀਅ ਜੀਅ ਦੇ ਖ਼ੁਸ਼ੀ ਸਮਾਈ, ਸਭਨਾਂ ਗ਼ਮੀ ਤਿਆਗੀ,*
*ਘਰ ਮੌਜੂ ਦੇ ਸ਼ੌਹਰ ਜੰਮਿਆਂ ਚਹੁੰ ਕੂੰਟਾਂ ਦਾ ਹਾਦੀ,*

ਅਤੇ ਹਰ ਪੌੜੀ ਪਿੱਛੋਂ ਉਹ ਇੱਕ ਸਥਾਈ ਦੁਹਰਾਂਦੇ ਨੇ:

*ਮੈਂ ਤਰ ਗਈ ਰਾਂਝਾ*

ਉਹ ਇਹ ਸਾਰੀਆਂ ਪੌੜੀਆਂ ਉਨ੍ਹਾਂ ਅਨੁਸਾਰ ਪਸ਼ੌਰ ਦੀ ਫ਼ੋਕ ਤਰਜ਼ ਤੇ ਗਾਉਂਦੇ ਨੇ।

ਜਿਸ ਤਰ੍ਹਾਂ ਢਾਡੀ ਵਾਰਾਂ ਗਾਉਂਦੇ ਨੇ, ਹਰ ਇੱਕ ਵਾਰ ਪਿੱਛੋਂ ਉਨ੍ਹਾਂ ਦਾ ਮੋਹਰੀ ਹੀ ਇਕੱਲਾ ਵਿਆਖਿਆ ਕਰਦਾ ਏ ਅਤੇ ਪ੍ਰਸੰਗ ਅੱਗੇ ਤੋਰਦਾ ਏ, ਉਵੇਂ ਹੀ ਇਹ ਇੱਕ ਪੌੜੀ ਹੀਰ ਸਾਰੇ ਇਕੱਠੇ ਪੜ੍ਹਦੇ ਨੇ ਅਤੇ ਇਹਨਾਂ ਦਾ ਆਗੂ ਪ੍ਰਸੰਗ ਨੂੰ ਕਥਾ ਦੀ ਤਰ੍ਹਾਂ ਅੱਗੇ ਤੋਰਦਾ ਏ। ਹੀਰ ਤਾਂ ਉਨ੍ਹਾਂ ਨੂੰ ਵਿਰਸੇ ਵਿੱਚ ਮਿਲੀ ਹੋਈ, ਸੀਨਾ ਬਸੀਨਾ ਚਲੀ ਆ ਰਹੀ ਉਨ੍ਹਾਂ ਦੀ ਨਿੱਜੀ ਜਾਇਦਾਦ ਵਾਂਗ ਹੈ, ਪਰੰਤੂ ਇਸ ਤੋਂ ਸਿਵਾ ਉਹ ਫ਼ਾਰਸੀ ਅਤੇ ਉਰਦੂ ਦੇ ਅੱਛੇ ਸ਼ਾਇਰਾਂ ਦਾ ਕਲਾਮ ਗਾਉਂਦੇ ਨੇ। ਅਮੀਰ ਖ਼ੁਸਰੋ, ਜਾਮਨੀ ਸਾਹਿਬ, ਸ਼ਮਸ਼ ਤਬਰੇਜ਼ ਅਤੇ ਹੋਰ ਔਲੀਆ ਲੋਕਾਂ ਦੇ ਕਲਾਮ ਉਹ ਅੱਛੀਆਂ ਮਹਿਫ਼ਲਾਂ ਵਿੱਚ ਗਾਉਂਦੇ ਨੇ। ਭਾਰਤੀ ਸਾਂਗ ਅਤੇ ਡਰਾਮਾ ਡਿਵੀਜ਼ਨ ਦੇ ਉਹ ਰਜਿਸਟਰਡ ਕਵਾਲ ਨੇ ਦਿੱਲੀ, ਸ੍ਰੀਨਗਰ, ਜਲੰਧਰ ਆਦਿ ਟੈਲੀਵੀਜ਼ਨ ਦੇ ਬੜੀ ਦੇਰ ਤੋਂ ਉਹ ਆਰਟਿਸਟ ਨੇ। ਰੇਡੀਓ ਤੇ ਤਾਂ ਉਨ੍ਹਾਂ ਹੁਣ ਤੱਕ ਅਨੇਕਾਂ ਪ੍ਰੋਗਰਾਮ ਕੀਤੇ ਨੇ।

ਕਰਨਾਲ ਨਿਵਾਸੀ ਸ੍. ਪ੍ਰਿਥੀਪਾਲ ਸਿੰਘ ਬੱਗਾ ਦੇ ਲੜਕੇ ਨੇ ਥਾਈ ਲੈਂਡ ਵਿੱਚ, ਜਿੱਥੇ ਉਹ 26-27 ਦਿਨ ਰਹੇ। ਰੋਜ਼ ਉੱਥੋਂ ਦੇ ਗੁਰਦੁਆਰੇ ਵਿੱਚ ਉਹ ਅੱਧਾ ਘੰਟਾ ਸ਼ਬਦ ਪੜ੍ਹਦੇ ਤੇ ਬਾਕੀ ਹੋਟਲਾਂ ਕਲੱਬਾਂ ਵਿੱਚ ਪ੍ਰੋਗਰਾਮ ਦਿੰਦੇ। ਨਾ-ਰਾਏ ਹੋਟਲ, ਇੰਡੀਅਨ ਕਲੱਬ ਅਤੇ ਕਈ ਘਰਾਂ ਵਿੱਚ ਉਨ੍ਹਾਂ ਪ੍ਰੋਗਰਾਮ ਦਿੱਤੇ। ਉਨ੍ਹਾਂ ਦੇ ਕਹੇ ਅਨੁਸਾਰ ਉੱਥੇ ਲੋਕ ਸੌਖੇ ਨੇ। ਬੈਂਕੌਕ ਸ਼ਹਿਰ ਦੀਆਂ ਸਭ ਗਲੀਆਂ ਵੀ ਛੱਤੀਆਂ ਹੋਈਆਂ ਨੇ ਤੇ ਉੱਥੇ ਤਾਰਾ ਨਹੀਂ ਦਿੱਸਦਾ। ਸਰਕਾਰ ਵਲੋਂ ਉਨ੍ਹਾਂ ਦਾ ਸਭ ਤੋਂ ਪਹਿਲਾਂ ਪ੍ਰੋਗਰਾਮ ਬੰਬੇ ਦਾ ਸੀ। ਵੈਸੇ ਉਹ ਕਲਕੱਤੇ ਬੰਬੇ ਅਤੇ ਹੋਰ ਸਭ ਸ਼ਹਿਰਾਂ ਵਿੱਚ ਪ੍ਰੋਗਰਾਮ ਦੇ ਚੁੱਕੇ ਨੇ। ਫ਼ਿਲਮਾਂ ਵਾਲੇ ਸੁਨੀਲ ਦੱਤ, ਮਧੂਮਤੀ, ਪ੍ਰਾਣ ਆਦਿ ਸਭ ਦੇ ਘਰ ਵੀ ਉਹ ਪ੍ਰੋਗਾਰਮ ਦੇ ਚੁੱਕੇ ਨੇ। ਸ਼ਮਸ਼ ਤਬਰੇਜ਼ ਦਾ ਇੱਕ ਚਾਰ ਸੱਤਰਾ ਸ਼ੇਅਰ ਉਹ ਅਕਸਰ ਗਾਂਦੇ ਨੇ, ਜੋ ਉਸਦੇ ਨੰਗੇ ਸਿਰ ਕਾਰਣ ਕਿਸੇ ਦੇ ਸੁਆਲ ਦੇ ਜਵਾਬ ਵਿੱਚ ਸੀ।

*ਸਰ ਬਰੈਹਲਾ ਨੇਸਤੰਮ, ਦਾਰਮ ਕੁੱਲਾਹ ਚਾਰ ਤਰਕ,*
*ਤਰਕ ਦੁਨੀਆਂ, ਤਰਕ ਉਕਬਾ, ਤਰਕ ਮੌਲਾ, ਤਰਕ ਤਰਕ।*

ਉਹ ਪਾਕਿਸਤਾਨੀ ਕਈ ਵਾਰ ਗਏ ਨੇ। ਭਾਰਤ ਵਿੱਚ ਰਹਿ ਕੇ ਖ਼ੁਸ਼ ਨੇ ਉਹ। ਭਾਵੇਂ ਉਹਨਾਂ ਦੇ ਸਭ ਰਿਸ਼ਤੇਦਾਰ ਪਾਕਿਸਤਾਨ ਵਿੱਚ ਨੇ। ਇਹ ਪੁੱਛਣ ਤੇ ਕਿ ਉਹ ਕਿਵੇਂ ਮਹਿਸੂਸ ਕਰਦੇ ਨੇ, ਉਹਨਾਂ ਦੱਸਿਆ ਕਿ ਠੀਕ ਠਾਕ ਨੇ ਉਹ। ਹਿੰਦੂ ਅਤੇ ਸਿੱਖਾਂ ਨਾਲ ਭਰਾਵਾਂ ਵਰਗੇ ਪਿਆਰ ਪੈ ਚੁੱਕੇ ਨੇ ਉਹਨਾਂ ਦੇ। ਪਟਿਆਲੇ ਹਾਜੀ ਜਮਾਲ ਸ਼ਾਹ ਵਾਲੇ ਮਕਬਰੇ ਤੇ ਇੱਕ ਵਾਰ ਉਹ ਸ਼ਬਦ ਪੜ੍ਹਨ ਲੱਗੇ ਤਾਂ ਉਥੇ ਵਸੇ ਗੀਫ਼ਿਊਜੀ ਸਿੱਖ ਕਹਿਣ ਲੱਗੇ, ਪਹਿਲਾਂ ਨਾਤ ਗਾਓ। ਜੇ ਕਵਾਲ ਓ ਤਾਂ ਕਵਾਲਾਂ ਵਾਲਾ ਕੰਮ ਕਰੋ, ਤੁਹਾਨੂੰ ਕਵਾਲ ਕਿਸਨੇ ਬਣਾਇਐ?

ਉਨ੍ਹਾਂ ਦੇ ਬਜ਼ੁਰਗ ਅਮੀ ਅਤੇ ਗ਼ਨੀ ਅਕਬਰ ਦੇ ਦਰਬਾਰ ਵਿੱਚ ਵੀ ਗਏ ਸੀ ਅਤੇ ਗਾਉਣ ਪਿੱਛੋਂ ਅਕਬਰ ਨੇ ਖ਼ੁਸ਼ ਹੋ ਕੇ ਕਿਹਾ ਸੀ -ਮੰਗੋ ਕੀ ਇਨਾਮ ਮੰਗਦੇ ਹੋ? ਉਨ੍ਹਾਂ ਕਿਹਾ ਸੀ- ਜਿਹੜੇ ਹਥਨ ਪਿੰਡ ਦੇ ਬੰਦੇ ਫੜ ਕੇ ਲਿਆਂਦੇ ਜੇ, ਛਡ ਦਿਓ, ਬੱਸ ਇਹੀ ਇਨਾਮ ਹੈ। ਸੁਨਾਮ ਵਿੱਚ ਪੀਰ ਅਲੀ ਹਸਨ ਆਪਣੇ ਘਰ ਸਾਲਾਨਾ ਮਹਿਫ਼ਲ ਲਗਾਂਦੇ ਸਨ। ਦਾਦੇ ਤੋਂ ਛੋਟਾ ਫਤਹਦੀਨ ਸੀ, ਹੀਰ ਗਾਈ, ਕੋਈ 2000 ਲੋਕਾਂ ਦਾ ਇਕੱਠ ਸੀ, ਜੋਗੀ ਨੇ ਬਾਗ਼ ਹਰਾ ਕੀਤਾ ਵਾਲੀ ਕਹਾਣੀ ਹਾਲੀ ਰਹੀ ਸੀ। ਸੋ ਲੋਕ ਪੂਰੇ ਸੂਫੀ ਸਨ, ਸੰਧੀ ਸ਼ਾਹ ਦੀ ਕਾਫ਼ੀ ਗਈ:

*ਰੂਪ ਵਟਾ ਕੇ ਖੇੜੀਂ ਆਇਆ ਉਹੀ ਰਾਂਝਾ ਚਾਕ*

ਪਹਿਲਾਂ ਸੁਣਿਆ ਸੀ ਤਖ਼ਤ ਹਜ਼ਾਰੇ, ਉਹੀ ਰਾਂਝਾ ਚਾਕ, ਗਾਉਣਾ ਬੰਦ ਹੋ ਚੁੱਕਾ ਸੀ, ਪਰ ਲੋਕ ਅਜੇ ਵੀ ਗੁੰਮ ਸੁੰਮ ਬੈਠੇ ਰਹੇ ਤੇ ਕਹਿੰਦੇ ਰਹੇ ਕਿ ਅਵਾਜ਼ ਆਈ ਜਾਂਦੀ ਹੈ। ਕੋਈ 100 ਗਜ਼ 50 ਗਜ਼ ਤੋਂ ਵਾਪਸ ਆਈ ਜਾਣ ਅਤੇ ਕਹਿਣ ਰਸਤਾ ਨਜ਼ਰ ਨਹੀਂ ਆਉਂਦਾ ਸਾਨੂੰ ਛੱਡ ਕੇ ਆਓ। ਉਨ੍ਹਾਂ ਦਾ ਰੋਜ਼ਾਨਾ ਕੰਮ ਹੀ ਉਨ੍ਹਾਂ ਦਾ ਰਿਆਜ਼ ਹੈ। ਠੰਡਾ ਤੱਤਾ ਤੇ ਤੁਰਸ਼ ਚੀਜ਼ ਉਹ ਨਹੀਂ ਖਾਂਦੇ। ਗੋਸ਼ਤ ਬਹੁਤ ਖਾਂਦੇ ਨੇ, ਸ਼ਰਾਬ ਉਨ੍ਹਾਂ ਦੇ ਖਲਣੇ ਵਿੱਚ ਹੀ ਮਨ੍ਹਾ ਹੈ -ਕੋਈ ਨਹੀਂ ਪੀਂਦਾ। ਪਟਿਆਲਾ ਘਰਾਣਾ ਦੇ ਮਸ਼ਹੂਰ ਉਸਤਾਦ ਬਾਕਰ ਹੁਸੈਨ ਉਨ੍ਹਾਂ ਦੇ ਰਸਮੀ ਉਸਤਾਦ ਨੇ।

# ਪੁਸਤਕ ਸਮੀਖਿਆ


## ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ ਬੈਦਵਾਣ, ਡਾਕਖਾਨਾ ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)


**ਪੁਸਤਕ** : ਕਹਿ ਰਵਿਦਾਸ — **ਲੇਖਕ** : ਡਾ. ਹਰਨੇਕ ਸਿੰਘ ਕਲੇਰ

**ਪੰਨੇ** : 80 — **ਕੀਮਤ** : 40 ਰੁਪਏ (ਪੇਪਰ ਬੈਕ)

**ਪ੍ਰਕਾਸ਼ਕ** : ਮੂਕਨਾਇਕ ਪ੍ਰਕਾਸ਼ਨ, ਮੋਹਾਲੀ

ਜਦੋਂ ਵੀ ਸਮੇਂ ਦੇ ਕਿਸੇ ਦੌਰ ਵਿੱਚ ਅੰਧ ਵਿਸ਼ਵਾਸ਼ ਫੈਲਦਾ ਹੈ, ਸਮਾਜ ਦਾ ਤਾਣਾ ਬਾਣਾ, ਟੁਟ ਜਾਂਦਾ ਹੈ। ਉਲਝ ਜਾਂਦਾ ਹੈ, ਦੋ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ ਲੁਕਾਈ, ਇੱਕ ਲੁੱਟਣ ਵਾਲੇ ਤੇ ਦੂਜੇ ਲੁੱਟੇ ਜਾਣ ਵਾਲੇ। ਉਦੋਂ ਜ਼ੁਲਮ ਦੀ ਇੰਤਹਾ ਵਿੱਚੋਂ ਪ੍ਰਕਾਸ਼ਦੀ ਕੋਈ ਕਿਰਨ ਘੁੱਪ ਹਨ੍ਹੇਰੇ ਵਾਲੇ ਬੂਹਿਆਂ ਉੱਤੇ ਦਸਤਖਤ ਦਿੰਦੀ ਹੈ। ਬੂਹਾ ਖੁਲ੍ਹਦਾ ਹੈ। ਘਰਾਂ ਦੇ ਅੰਦਰ ਤੂੜੀ ਹੋਈ ਮਾਨਵਤਾ ਦੀ ਨਜ਼ਰ ਚੁੰਧਿਆ ਜਾਂਦੀ ਹੈ। ਜਦੋਂ ਨੂੰ ਕੁਝ ਦਿਸਣ ਲਗਦਾ ਹੈ ਤਾਂ ਸਭ ਕੁਝ ਬਦਲਿਆ ਬਦਲਿਆ ਹੋਇਆ ਨਜ਼ਰ ਆਉਂਦਾ ਹੈ। ਇਸੇ ਨੂੰ ਸਮਾਜਿਕ ਕ੍ਰਾਂਤੀ ਦਾ ਨਾਂ ਦਿੱਤਾ ਜਾਂਦਾ ਹੈ। ਭਗਤ ਰਵਿਦਾਸ ਜੀ ਦਾ ਆਗਮਨ ਅਜਿਹੀ ਹੀ ਇੱਕ ਸਮਾਜਕ ਦਸ਼ਾ ਦੇ ਪਰਿਵਰਤਨ ਵਲ ਮੁਬਾਰਕ ਕਦਮ ਸੀ। ਉਹ ਪਰਉਪਕਾਰੀਜਨ, ਪ੍ਰਭੂ ਦੇ ਪਿਆਰ ਬੰਧਨਾਂ ਦੀਆਂ ਜ਼ੰਜ਼ੀਰਾਂ ਤੋੜ ਮੰਧੋਲੇ ਜਾ ਰਹੇ ਫੁੱਲਾਂ ਵਰਗੇ ਮਨੁੱਖਾਂ ਦੇ ਬਾਗ ਦਾ ਮਾਲੀ ਆ ਬਣਿਆ।

ਭਗਤ ਰਵਿਦਾਸ ਦੇ ਜੀਵਨ ਅਤੇ ਬਾਣੀ ਦੇ ਅਧਿਐਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੇ ਇਸ਼ਟ ਦਾ ਕੇਂਦਰ ਕਿਰਤ ਦੇ ਆਧਾਰਤ ਹੈ। ਕਿਰਤ ਵਿੱਚ ਹੀ ਲੋਕ ਸ਼ਕਤੀ ਹੈ। ਕਿਰਤੀ ਲੋਕ ਹੀ ਆਪਣੇ ਸੰਘਰਸ਼ ਨੂੰ ਸਫਲਤਾ ਤੇ ਪਹੁੰਚਾਣ ਦੇ ਸਮਰੱਥ ਹੁੰਦੇ ਹਨ। ਅਜੋਕੇ ਹਉਮੈ ਭਰੇ, ਲੋਟੂ ਅਤੇ ਸਰਮਾਏਦਾਰੀ ਨਿਜ਼ਾਮ ਵਿੱਚ ਪਿਸ ਰਹੇ ਵਿਅਕਤੀ ਦੀ ਅਗਵਾਈ ਹਿਤ ਕੁਝ ਵਿਦਵਾਨ ਆਲਚੋਕਾਂ ਅਤੇ ਚਿੰਤਕਾਂ ਵਲੋਂ ਹੋਰਨਾਂ ਮਹਾਂਪੁਰਸਾਂ, ਗੁਰੂਆਂ ਪੀਰਾਂ ਅਤੇ ਭਗਤਾਂ ਤੋਂ ਇਲਾਵਾ ਭਗਤ ਰਵਿਦਾਸ ਜੀ ਦੀ ਜੀਵਨ ਅਤੇ ਬਾਣੀ ਨੂੰ ਮੁੜ ਮੁੜ ਵਿਚਾਰਿਆ, ਘੋਖਿਆ ਜਾ ਰਿਹਾ ਹੈ ਤਾਂ ਕਿ ਅਸੀਂ ਮੁੜ ਆਪੇ ਦੀ ਪੜਚੋਲ ਕਰ ਸਕੀਏ ਕਿ ਅਸੀਂ ਕਿੰਨੀ ਕੁ ਕੀਮਤ ਪਾਈ ਹੈ ਮਹਾਂ-ਪੁਰਸ਼ਾਂ ਦੇ ਅਨਮੋਲ ਬਚਨਾਂ ਦੀ। ਡਾ. ਹਰਨੇਕ ਸਿੰਘ ਕਲੇਰ ਦੀ ਪੁਸਤਕ 'ਕਹਿ ਰਵਿਦਾਸ' ਇਸੇ ਦਿਸ਼ਾ ਵਿੱਚ ਇੱਕ ਸਾਹਿਤਿਕ ਖੋਜ ਕਾਰਜ ਹੈ। ਉਹਨਾਂ ਦੀ ਪੀ. ਐਚ. ਡੀ. ਦਾ ਖੋਜ ਕਾਰਜ ਵੀ ਇਸੇ ਬਾਣੀ 'ਤੇ ਆਧਾਰਿਤ ਹੈ। ਡਾ. ਕਲੇਰ ਨੇ ਸਾਹਿਤ ਦੀਆਂ ਹੋਰ ਵਿਧਾਵਾਂ ਤੋਂ ਇਲਾਵਾ ਗੁਰਬਾਣੀ ਦੀ ਖੋਜ ਵੱਲ ਆਪਣਾ ਧਿਆਨ ਵਿਸ਼ੇਸ਼ ਤੌਰ 'ਤੇ ਕੇਂਦਰਿਤ ਕੀਤਾ ਹੋਇਆ ਹੈ। 'ਕਹਿ ਰਵਿਦਾਸ' ਪੁਸਤਕ ਵਿੱਚ ਸੈਮੀਨਾਰਾਂ ਵਿੱਚ ਆਪਣੇ ਵਲੋਂ ਰਚੇ/ਪੜ੍ਹੇ ਖੋਜ ਪੱਤਰਾਂ ਨੂੰ ਸੰਗ੍ਰਹਿ ਕਰਕੇ 'ਕਹਿ ਰਵਿਦਾਸ' ਪੁਸਤਕ ਦਾ ਰੂਪ ਦਿੱਤਾ ਹੈ।

ਪੁਸਤਕਾਂ ਵਿੱਚ ਭਗਤ ਰਵਿਦਾਸ ਜੀ ਦੀ ਫਿਲਾਸਫੀ ਬਾਰੇ ਲੇਖਕ ਨੇ ਇੱਕ ਨਿੱਗਰ ਦ੍ਰਿਸ਼ਟੀਕੋਣ ਜੁਟਾਂਦਿਆਂ ਵਿਸ਼ੇਸ਼ ਜਾਣਕਾਰੀ ਮੁਹੱਈਆ ਕਰਵਾਈ ਹੈ। ਪੁਸਤਕ ਵਿੱਚ ਦਰਜ ਗਿਆਰਾਂ ਖੋਜ-ਪੱਤਰਾਂ ਦਾ ਅਧਿਐਨ ਕਰਦਿਆਂ ਇੱਕ ਗੱਲ ਸਿੱਧੇ ਤੌਰ ਤੇ ਸਪਸ਼ਟ ਪੈਂਦੀ ਹੈ ਕਿ ਭਗਵਤ ਰਵਿਦਾਸ ਜੀ ਦੀ ਬਾਣੀ ਦਾ ਚਿੰਤਨ, ਪ੍ਰਭੂ ਭਗਤੀ, ਕਿਰਤ ਦੀ ਵਡਿਆਈ ਅਤੇ ਸਮੁੱਚੀ ਸ੍ਰਿਸ਼ਟੀ ਦੇ ਦੁੱਖਾਂ ਦੇ ਨਿਵਾਰਨ ਦੀ ਚਿੰਤਾ ਤੇ ਆਧਾਰਤ ਹੈ। ਸੰਸਾਰ ਪੱਧਰ 'ਤੇ ਮਨੁੱਖੀ ਮਨੋਬਲਾਂ ਨੂੰ ਉੱਚਾ ਚੁੱਕਣ ਲਈ ਸਹਾਇਕ ਹੋਣ ਵਾਲੀ ਇਸ ਬਾਣੀ ਦਾ ਜਿਨ੍ਹਾਂ ਪ੍ਰਚਾਰ, ਵਿਆਖਿਆ ਅਤੇ ਖੋਜ ਕਾਰਜ ਹੋਵੇ ਉਨ੍ਹਾਂ ਹੀ ਥੋੜਾ ਹੈ। ਅਜਿਹੀ ਬਾਣੀ ਤੇ ਜੇ ਕਿਧਰੇ ਸੱਚੀ-ਮੁੱਚੀ ਦਾ ਅਮਲ ਸ਼ੁਰੂ ਹੋ ਜਾਵੇ ਤਾਂ ਮਨੁੱਖਾਂ ਤੋਂ ਦੇਵਤੇ ਸਹਿਜੇ ਹੀ ਸਾਜੇ ਜਾ ਸਕਦੇ ਹਨ। ਕਿਉਂਕਿ ਇਸ ਬਾਣੀ ਵਿੱਚ ਬਾਣੀ ਦੇ ਰਚਨਾਕਾਰ ਨੂੰ ਆਪਣੀ ਫਿਕਰ ਨਹੀਂ, ਆਪਣੇ ਪਰਿਵਾਰ ਕਬੀਲੇ ਦੀ ਚਿੰਤਾ ਨਹੀਂ ਸਗੋਂ ਸਮੁੱਚੀ ਸ੍ਰਿਸ਼ਟੀ ਵਿੱਚ ਫੈਲੈ ਅਨਿਆਂ ਦੀ ਚਿੰਤਾ ਹੈ। ਅਜਿਹੀ ਬਾਣੀ ਵਿਚਲੇ ਸੰਕਲਪਾਂ ਨੂੰ ਦ੍ਰਿੜ ਕਰਵਾਉਣ ਹਿਤ ਇਸ ਪੁਸਤਕ ਦੇ ਸੂਝਵਾਨ ਲੇਖਕ ਨੇ ਮਨੁੱਖੀ ਮਨਾਂ ਦੇ

ਮਾਰਗ ਦਰਸ਼ਨ ਲਈ ਸੁਯੋਗ ਉਪਰਾਲਾ ਕੀਤਾ ਹੈ। ਲੇਖਕ ਨੇ ਭਗਤ ਰਵਿਦਾਸ ਜੀ ਦੇ ਕਿਰਤ ਅਤੇ ਨਾਮ ਦੇ ਸੁਮੇਲ ਨੂੰ ਮਾਨਵ ਦੇ ਮਨ ਦੀ ਨਿਰਮਲਤਾ ਦਾ ਸਾਧਨ ਦੱਸਦਿਆਂ ਮਨੁੱਖ ਨੂੰ ਨਿਮਰਤਾ, ਸਦਾਚਾਰ ਅਤੇ ਪ੍ਰੇਮ ਦੇ ਗੁਣ ਧਾਰਨ ਕਰਨ ਵੱਲ ਪ੍ਰੇਰਿਆ ਹੈ ਜੋ ਕਿ ਅਜੋਕੇ ਜੁੱਗ ਵਿੱਚ ਟੁਟ ਰਹੀਆਂ ਮਨੁੱਖੀ ਸਾਂਝਾਂ ਨੂੰ ਜੋੜਨ ਦਾ ਇੱਕ ਖ਼ਾਸ ਨੁਸਖਾ ਹੈ।

ਭਗਤ ਰਵਿਦਾਸ ਜੀ ਸਮੁੱਚੀ ਮਾਨਵਤਾ ਦੇ ਗੁਰੂ ਹਨ। ਜਿਵੇਂ ਕਿ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਭਗਤ ਰਵਿਦਾਸ ਜੀ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ ਦੀ ਚਿੰਤਾ ਰਹੀ ਹੈ। ਸਮੁੱਚਤਾ ਦੇ ਕਲਿਆਣ ਹਿਤ ਹੀ ਉਹਨਾਂ ਜੀਵਨ ਸੰਘਰਸ਼ ਵਿੱਢਿਆ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਭਗਤ ਰਵਿਦਾਸ ਕੇਵਲ ਦਲਿਤ ਸਮਾਜ ਦੇ ਮਸੀਹੇ ਗੁਰੂ ਹਨ, ਜੋ ਕਿ ਗਲਤ ਸੋਚ ਹੈ। ਜਿਹਨਾਂ ਮਹਾਂਪੁਰਸ਼ਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਹਨਾਂ ਸਭਨਾਂ ਨੂੰ ਗੁਰੂ ਦਾ ਦਰਜਾ ਹਾਸਿਲ ਹੈ। ਭਗਤ ਰਵਿਦਾਸ ਅਤੇ ਹੋਰ ਭਗਤਾਂ ਦੇ ਨਾਮ ਦੇ ਅੱਗੇ ਜੇ ਭਗਤ ਦੀ ਥਾਂ ਗੁਰੂ ਲਿਖਿਆ ਜਾਵੇ ਤਾਂ ਉਹਨਾਂ ਦਾ ਕੁਝ ਵਧ ਨਹੀਂ ਜਾਣਾ ਅਤੇ ਜੇ ਭਗਤ ਹੀ ਰਹਿਣ ਦਿੱਤਾ ਜਾਵੇ ਤਾਂ ਕੁਝ ਘਟ ਨਹੀਂ ਜਾਣਾ ਕਿਉਂਕਿ ਭਗਤ ਜਨ ਤਾਂ 'ਵਡਾ ਨਾ ਹੋਵੈ' 'ਘਾਟ ਨਾ ਜਾਇ' ਵਾਲੀ ਸਥਿਤੀ ਤੇ ਬਿਰਾਜਮਾਨ ਹਨ। ਵਿਚਾਰ ਅਧੀਨ ਪੁਸਤਕ ਵਿੱਚ ਜ਼ਿਕਰ ਹੋਇਆ ਹੈ ਕਿ ਭਗਤ ਰਵਿਦਾਸ ਜੀ ਦੇ ਸਮੇਂ ਵਿੱਚ ਅਧਰਮ ਅਤੇ ਅਨੈਤਿਕਤਾ ਦਾ ਬੋਲਬਾਲਾ ਸੀ ਅਤੇ ਮਨੁੱਖੀ ਆਜ਼ਾਦੀ ਦਾ ਘਾਣ ਹੋਇਆ ਪਿਆ ਸੀ। ਪ੍ਰਭੂ ਦੇ ਪਿਆਰੇ ਭਗਤ ਰਵਿਦਾਸ ਜੀ ਨੇ ਸਮਾਜਕ ਕਦਰਾਂ ਕੀਮਤਾਂ ਦੀ ਨਜ਼ਬ ਨੂੰ ਪਹਿਚਾਣਦਿਆਂ ਚਫੇਰੇ ਫੈਲੇ ਦੁਰਾਚਾਰ ਦਾ ਪਰਦਾ ਫਾਸ਼ ਕੀਤਾ। ਮਨੁੱਖੀ ਹੱਕਾਂ ਤੇ ਕਾਬਜ਼ ਜਰਵਾਣਿਆਂ ਨੂੰ ਲਲਕਾਰਿਆ। ਜਿਵੇਂ ਕਿਸੇ ਵੇਲੇ ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ ਜਾਬਰ ਕਹਿੰਦਿਆਂ, "ਏਤੀ ਮਾਰ ਪਈ ਕੁਰਲਾਣੇ ਵਾਲਾ" ਉਲਾਭਾ ਰੱਬ ਨੂੰ ਦਿੱਤਾ ਸੀ। ਵਿਚਾਰ ਉਪਰੰਤ ਨਿਰਣਾ ਦੇਂਦਿਆਂ ਲੇਖਕ ਦਾ ਇਹ ਕਹਿਣਾ ਬਿਲਕੁਲ ਠੀਕ ਹੈ ਕਿ "ਭਗਤ ਰਵਿਦਾਸ ਜੀ ਦੀ ਬਾਣੀ ਦੀ ਮੁੱਖ ਸੁਰ ਭਰਾਤਰੀ ਭਾਵ ਅਤੇ ਮਾਨਵੀ ਸਾਂਝੀਵਾਲਤਾ ਵਾਲੀ ਹੀ ਹੈ।

ਡਾ. ਹਰਨੇਕ ਸਿੰਘ ਕਲੇਰ ਨੇ ਆਪਣਾ ਵਿਚਾਰ ਚਰਚਾ ਜਾਰੀ ਰੱਖਦਿਆਂ *"ਨੀਚਹੁ ਊਚ ਕਰੈ ਮੇਰਾ ਗੋਬਿੰਦ"* ਵਿੱਚ ਇੱਕ ਹੋਰ ਬੜੇ ਪਤੇ ਦੀ ਗੱਲ ਕੀਤੀ ਹੈ ਕਿ ਭਗਤ ਰਵਿਦਾਸ ਜੀ ਨੇ ਊਚ-ਨੀਚ ਵਾਲੀ ਬਿਰਤੀ ਨੂੰ ਬਿਰਥਾ ਕਰਾਰ ਦਿੰਦਿਆਂ ਸਮੁੱਚੀ ਮਾਨਵਤਾ ਨੂੰ ਜਾਤਪਾਤ ਦੀ ਦਲਦਲ ਵਿੱਚੋਂ ਕੱਢਦਿਆਂ ਸਰਵ ਸਾਂਝੀਵਾਲਤਾ ਦੀ ਹਾਮੀ ਭਰੀ। ਪਰ ਅੱਜ ਉਦੋਂ ਭਗਤ ਜੀ ਦੇ ਇਸ ਸੰਕਲਪ ਨੂੰ ਗਹਿਰੀ ਸੱਟ ਵੱਜਦੀ ਪ੍ਰਤੀਤ ਹੁੰਦੀ ਹੈ ਜਦੋਂ ਕੁਝ ਲੇਖਕ ਆਪਣੀਆਂ ਲਿਖਤਾਂ ਦੇ ਸੰਗਲਾਂ ਰਾਹੀਂ ਅਜਿਹੇ ਭਗਤ ਜਨਾਂ ਨੂੰ ਜਾਤਪਾਤ ਦੇ ਕਿੱਲਿਆਂ ਨਾਲ ਪੱਕੇ ਤੌਰ ਤੇ ਬੰਨ੍ਹ ਰਹੇ ਹਨ। "ਚਹੁੰ ਵਰਨਾ ਉਪਦੇਸਦਾ" ਵਾਲੇ ਚੈਪਟਰ ਵਿੱਚ ਡਾ. ਕਲੇਰ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ "ਆਪ ਨੇ ਪ੍ਰੋਹਿਤ ਵਲੋਂ ਪ੍ਰਚਲਿਤ ਆਡੰਬਰਾਂ ਦੀ ਸਤਾਈ ਜਨਤਾ ਨੂੰ ਪ੍ਰਭੂ ਨਾਮ ਦੀ ਪ੍ਰੇਮਾ ਭਗਤੀ ਦੇ ਲੜ ਲਾਇਆ।" ਅਜਿਹਾ ਭਗਤ ਰਵਿਦਾਸ ਜੀ ਨੇ ਇਸ ਲਈ ਕੀਤਾ ਕਿਉਂਕਿ ਉਹਨਾਂ ਨੂੰ ਪਤਾ ਸੀ ਜੇ ਮਨੁੱਖ ਅਤੇ ਪ੍ਰਮਾਤਮਾ ਵਿਚਲੀ ਵਿੱਥ ਸਮਾਪਤ ਹੋ ਜਾਵੇ ਤਾਂ ਸਭੇ ਮੁਸ਼ਕਲਾਂ ਸਮਾਪਤ ਹੋ ਜਾਣਗੀਆਂ। ਉਹਨਾਂ ਨੇ ਆਪ "ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ" ਅਨੁਸਾਰ ਪ੍ਰਭੂ ਨਾਲ ਆਪਣੀ ਇੱਕਮਿਕਤਾ ਦਰਸਾਈ ਹੈ ਜਦੋਂ ਅਜਿਹੀ ਸਥਿਤੀ ਬਣ ਜਾਂਦੀ ਹੈ ਤਾਂ ਸਾਰੀ ਲੁਕਾਈ ਆਪਣੀ ਹੀ ਜਾਪਦੀ ਹੈ। ਸਾਰੀ ਲੁਕਾਈ ਦੇ ਦੁਖ ਦਰਦ ਦਾ ਕਾਰਨ ਭਗਤ ਰਵਿਦਾਸ ਜੀ ਨੇ ਗਿਆਨ ਦੀ ਘਾਟ ਹੀ ਦੱਸਿਆ ਹੈ। ਇਸੇ ਕਰਕੇ ਉਹਨਾਂ ਪ੍ਰੋਹਿਤ ਵਰਗ ਨੂੰ ਉਹਨਾਂ ਦੇ ਫਰਜਾਂ ਦੀ ਪਹਿਚਾਣ ਕਰਵਾਈ ਅਤੇ ਪਿਸ ਰਹੀ ਜਨਤਾ ਨੂੰ ਉਹਨਾਂ ਦੇ ਅਧਿਕਾਰਾਂ ਦੀ।

ਪੁਸਤਕ ਵਿੱਚ 'ਬਿਰਥਾ ਜਾਤ ਅਬਿਬੇਕੇ' ਵਾਲਾ ਅਧਿਆਇ ਬੜਾ ਭਾਵਪੂਰਤ ਤੇ ਖੋਜ ਭਰਪੂਰ ਅਧਿਆਇ ਹੈ। ਇਸ ਅਧਿਆਇ ਵਿੱਚ ਡਾ. ਕਲੇਰ ਨੇ ਦਾਸ, ਚਮਾਰ ਅਤੇ ਸੂਦਰ ਜਾਤੀ ਵਿੱਚ ਕੁਰੀਲ ਵੰਸ਼ ਆਦਿ ਦੀ ਉਹਨਾਂ ਦੇ ਇਤਿਹਾਸਿਕ ਪਰਿਪੇਖ ਵਿੱਚ ਪਹਿਚਾਣ ਕਰਵਾਉਂਦਿਆਂ ਸਮਾਜਿਕ ਕਾਰੋਬਾਰਾਂ ਵਿੱਚ ਉਹਨਾਂ ਦੀ ਨਿਸ਼ਾਨਦੇਹੀ ਨਿਸ਼ਚਿਤ ਕੀਤੀ ਹੈ। ਮਨੁੱਖੀ ਗੁਲਾਮੀ ਦਾ ਉਦੇ ਵਰਣਵੰਡ ਵਿੱਚੋਂ ਹੀ ਹੋਣ ਕਾਰਨ ਭਗਤ ਜਨਾਂ ਵਲੋਂ ਇਸ ਦਾ ਖੰਡਨ ਬਹੁਤ ਹੀ ਪ੍ਰਭਾਵੀ ਹੋਇਆ ਹੈ। ਇੱਥੇ ਹੀ ਬਸ ਨਹੀਂ ਭਗਤ ਰਵਿਦਾਸ ਜੀ ਨੇ ਤਾਂ ਸਮੁੱਚੇ ਪ੍ਰਬੰਧ ਨੂੰ ਸਾਂਵਾਂ ਸੁਖਾਲਾ ਬਣਾਉਣ ਲਈ ਮੋਹ, ਮਾਇਆ ਵਿੱਚ ਲਿਪਤ ਜੀਵ ਨੂੰ ਗੁਰਬਾਣੀ ਦੀਆਂ ਇਹਨਾਂ ਪੰਕਤੀਆਂ ਰਾਹੀਂ ਧੁਰ ਅੰਦਰ ਤੱਕ ਝੰਜੋੜਿਆ ਹੈ:

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ,
ਮਾਇਆ ਗਈ ਤਬ ਰੋਵਨੁ ਲਗਤੁ ਹੈ॥

'ਕਹਿ ਰਵਿਦਾਸ' ਪੁਸਤਕ ਦੇ ਸਮੁੱਚੇ ਅਧਿਐਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਇਹ ਕਿਰਤ ਅਜੋਕੇ ਦੌਰ ਦੇ ਮੋਹ ਸੱਖਣੇ ਸਮਾਜ ਵਿੱਚ ਪ੍ਰੇਮ ਭਾਵਨਾ ਵਾਲੀ ਨਵੀਂ ਰੂਹ ਫੂਕਣ ਦੇ ਸਮਰਥ ਹੈ।

ਪੁਸਤਕ ਵਿੱਚ ਦਰਜ ਭਗਤ ਰਵਿਦਾਸ ਜੀ ਦੀ ਕਿਰਤ 'ਤੇ ਨਾਮ ਦੇ ਸੁਮੇਲ ਦੀ ਚੜ੍ਹਤ ਹੈ। ਇਹੋ ਵਿਧੀ ਸਭ ਦੁੱਖਾਂ ਦੀ ਦਾਰੂ ਹੈ। ਪਰ ਪੁਸਤਕ ਦੇ ਟਾਇਟਲ ਤੇ ਭਗਤ ਰਵਿਦਾਸ ਜੀ ਦੀ ਸਾਫ ਸੁਥਰੀ ਤਸਵੀਰ ਦੇ ਹੱਥਾਂ ਵਿੱਚ ਮਾਲਾ ਤੇ ਪੋਥੀ ਦਰਸਾਈ ਹੈ ਤਦ ਕਿ ਭਗਤ ਜੀ ਤਾਂ 'ਹੱਥ ਕਾਰ ਵੱਲ ਚਿਤ ਯਾਰ ਵੱਲ' ਵਾਲੀ ਧਾਰਨਾ ਦੇ ਪਾਂਧੀ ਸਨ। ਜੇਕਰ ਡਾ. ਕਲੇਰ ਭਗਤ ਜੀ ਨੂੰ ਅਜਿਹਾ ਦਰਸਾਣ ਤੋਂ ਬਚਾ ਲੈਂਦੇ ਤਾਂ ਪੁਸਤਕ ਵਿਚਲੇ ਸੰਕਲਪ ਭਗਤ ਜੀ ਦੀ ਰੂਹ ਨਾਲ ਮੇਲ ਖਾ ਜਾਂਦੇ ਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।


Phone : (O) 3312440
Resi. : 5721753

**Sawhney Cloth House**

46, Shanker Market, Connaught Circus, New Delhi - 110 001


## Who is Mature?

*Mature is he*, who is patient, who is willing to give up immediate pleasure in favour of the long-term gain.

*Mature is he*, who has the ability to settle differences without resentment or anger.

*Mature is he*, who perseveres despite setbacks.

*Mature is he*, who knows that life is too short to be wasted in prejudice, intolerance, hatred and revenge.

*Mature is he*, who is humane and who responds to the needs of others with compassion.

*Mature is he*, who has the humility to say I was wrong and the self-control not to say "I told you so' when he is proved right.

*Mature is he*, who does not complain that the rose bush has thorns but rejoices that it bears roses.

*Mature is he*, whose deeds conform to his thoughts and words.

*Mature is he*, who lives in the present without being shackled by the dead past or the upborn future.

*Mature is he*, who strives to change things which he can and who lives in peace with things he cannot.

*Mature is he*, who gently and constantly questions himself, "Am I mature?"


*With best compliments from a wellwisher*

# RABINDRA SANGEET

## Shri Rathindranath Tagore

*Introductory talk given by Shri Rathindranath Tagore at 25-Curzon Road, Dehradun on 6th June 1985 in a Meeting of Tagore Samsad.*

My father was brought up from his childhood in an atmosphere of music. My grand father, Maharishi Devendranath, loved music and eminent musicians, amongst whom the great master Jadu Bhatta, as he is known to the music world was prominent, used to come to our house constantly to sing. Our house was never without music. Singing was part of our family's culture. Not only were most members of our family accomplished singers with fine voices, but music, was their life and soul. Regular training was not required, every one imbibed music from the atmosphere from their childhood. My father was very young at the time that Jadu Bhatta stayed at our house but even then he used to listen to his singing with great interest and remembered the songs after he was grown up. Some of father's songs composed at a mature age have been set to the tunes he had learnt as a child from this great exponent of classical music. Jadu Bhatta was the founder of the Dhrupad school of classical music, the characteristic style made famous by the Vishnupur Musicians. After Jadu Bhatta came other ustads. I have heard father particularly mention the names of Vishnu Digamber and Radhika Goswami both belonging to the Vishnupur Gharana. In this way my father became very familiar with the best of classical music from his very childhood.

We find him at the age of 14 setting classical tunes to the poems he had composed and published under the title of Bhanu Singhar Padmavati. These songs are still very popular in Bengal. It is interesting to note that this book of poems, one of his earliest, was written not in Bengali but in Maithili, the language of the Vaisnava poets like Vidyapati. Father had assumed the name of Bhanu Singla- a literal translation of Rabindra Nath and for many years the book was taken to be the work of one of the scholars, who got his doctorate in a German University for writing a thesis on this unknown Maithili poet.

Although father's songs had their roots in the classical ragas- much of his inspiration came from folk music especially that of the wandering Bauls of Bengal. Amongst his songs will also be found tunes taken from South Indian ragas, from popular Marathi music, from the devotional bhajans of the Sikhs, from the rhythmic songs of the boatmen of East Bengal and even from the ballads of England and Scotland.

I have not counted the number of songs he has composed -I will therefore not be able to give you the exact figure - but the number certainly exceeds 3000. The songs may be classified in various manners. According to the subject matter a very large number of the

songs are devotional.

These songs offer love and puja to the Infinite being- who is to the poet now the Beautiful, the best Beloved, the Divine lover who comes down from his throne to meet him with silent steps and again the cruel, who holds in his hands the Sword, terrible to behold or to think of.

Then there are the songs devoted to the love of man and woman. Every aspect of human love, all the emotions aroused in the hearts of men and women have found a place in his songs.

Nature has not been neglected. His songs on the seasons and the changing character of nature are unique of their kind. It will be difficult to find a counterpart in any other literature.

Finally we come to the patriotic songs. Quite a few of these songs were written to arouse the patriotic feelings of the Bengalees particularly- they were written at the time of the Partition of Bengal when father felt the need of making Bengalees conscious of their appeal to the whole nation.

During the Swadeshi movement of 1905 and 1906 father took a leading part in Politics. It was during this period he had written most of the Swadeshi songs., as they are called. The songs became so popular that they were sung in towns and villages from one end to the other of our province. Our present national anthem -Jana Gana Mana- was written at a much later date. In the early days of the National Congress in 1896 when the Congress was held in Calcutta father had chosen Bankim Chandra Chatterji's Bande Mataram to be sung at the opening of the session. He set music to the words of Bankim's poem and sang it himself with only the accompaniment of an organ.

Father's voice had such remarkable carrying capacity that it could be heard from the remotest corner of the huge assembly and the song held the audience under a spell. Such an achievement must seem strange and impossible in these days of mikes and loud speakers, which have brought about a gradual deterioration of the voice. This undoubtedly was the first occasion when Vande Mataram was sung at a public gathering. The effect was so overpowering that the song got recogonised immediately as the national anthem. I believe at no subsequent meeting of the Congress has Bande Mataram been left out.

Folk music in India inspite of its many variations had its foundation in the classical ragas. Every new movement was an attempt to popularize the music, adapt it to appeal to the masses, but never departed from the form and the frame work of traditional Indian taste. The bhajans of Mira Bai, Kabir, Dadu and other medieval saints, the songs of the Bauls and the Kirtan of the Vaisnavas of Bengal- all had their roots in the classical ragas and raginis. The music of my father was no exception to this, his genius had tried many different forms and has borrowed freely from the folk music of different regions of India but it has remained true to the spirit of traditional Indian music. Only a genius could

have adapted such a variety of musical styles and tunes and blended them to create a new style suited to give expression to his own temperament.

Being a poet and not merely a musician we find that his songs are characterised by their attempt at giving expression to the sentiments and meaning of the words of the songs. To him the words are of just as much importance as the music. The function of music is to interpret the words. Classical music has neglected this aspect. To the classical musician the words are hardly of any importance at all. He is interested in music for the sake of music only. It is for this reason that purists have not only not recognised father's music but have always regarded it with contempt.

We have to keep this in mind when listening to my father's songs. How far has he succeeded in interpreting the not-too-obvious meaning underlying the words of the poems in the setting of the music? To him the function of music slivings of the soul of man. When a poem with its limitations of words and meter did not entirely satisfy him, he would add music to give a greater opportunity to express itself in a medium that is so admirably suited, to reveal the soul of man. If father had been asked what he considered his highest contribution to mankind he would un-hesitatingly have replied not his writings, not his philosophy, not his paintings- but his songs.

With these few words quite inadequate to describe and explain the significance of the music of my father I will ask my friends who have come to help me to sing a few songs so that you will know what his music is like. No words can explain the meaning of music. It has to be heard.

*Courtesy:* Panchbati Sandesh

## ਬਹੁਤ ਜ਼ਰੂਰੀ ਬੇਨਤੀ

ਪਾਠਕਾਂ ਦੇ ਐਡਰੈਸਾਂ ਦੀ ਪੜਤਾਲ ਲਈ ਅਸੀਂ ਆਪਣੇ ਸਾਰੇ ਮੈਂਬਰਾਂ ਨੂੰ ਪੱਤਰ ਲਿਖੇ ਸਨ ਨਾਲ ਹੀ ਇੱਕ ਪੋਸਟ-ਕਾਰਡ ਭੇਜਿਆ ਸੀ ਤਾਂ ਜੋ ਸਾਨੂੰ ਪਤਾ ਲੱਗ ਸਕੇ ਕਿ ਮੈਗਜ਼ੀਨ ਠੀਕ ਪਹੁੰਚ ਰਿਹਾ ਹੈ ਜਾਂ ਨਹੀਂ। ਸਾਡੇ ਬਹੁਤ ਸਾਰੇ ਲਾਈਫ ਮੈਂਬਰਾਂ ਵਲੋਂ ਵੀ ਪੋਸਟ-ਕਾਰਡ ਵਾਪਸ ਨਹੀਂ ਆਏ। ਅਸੀਂ ਸਮਝਦੇ ਹਾਂ ਕਿ ਸਾਡੇ ਕੋਲ ਮੌਜੂਦ ਐਡਰੈਸ ਠੀਕ ਨਹੀਂ ਇਸ ਲਈ ਉਹਨਾਂ ਦਾ ਮੈਗਜ਼ੀਨ ਬੰਦ ਕਰਨ ਲਈ ਮਜਬੂਰ ਹਾਂ।

ਖਿਮਾਂ ਸਹਿਤ
ਸੰਪਾਦਕ

## AN APPEAL

By the grace of Waheguru, I have completed the project 'Gurudwara Encyclopaedia'. Donations of Rs. 2 lakhs is therefore required to publish the project. This publication can be accomplished only by mobilizing funds world-wide for religious charity for individual and organisational support by way of 'DASWAND' is solicited. I shall acknowledge his/her gesture in this project.

Kindly contribute liberally through crossed cheques/drafts, Money orders in favour of Dr. Jasbir Singh Sarna, Near Supper Bazar, Baramulla 193101, J & K, India (phone 912-36373).

# NEXT TO GOD - THY PARENTS

## J.L. Gupta

"Whoever makes his father's heart bleed, shall have a child that will revenge the deed" is an old saying. But is it really so? Recently, I heard a story that proves the truth of this statement.

Nath was born in a poor family. All of them led an austere life. But despite all the difficulties, he worked hard, pursued his goal, became a doctor, and married his classmate. Soon he was a father. He brought up his son with love and affection, and gave his good education. He called him Santoo. Ultimately, even the son got a good job with a handsome salary and was married. He had a son, and named him Surya. The family was comfortable and happy. The three generations were living under one roof.

Man and misery are twins. Good times never last too long. Nath got a stroke. He was almost totally incapacitated and was confined to the bed. He got bedsores and was placed at the mercy of an untrained servant by his only son whom he had brought up with great parental affection. He gave him food in an earthen pot, cleaned him once in a day, and bathed him once in a week. Santoo thought he was doing more than what was necessary.

But the little son Surya was not missing anything. He was keen and watchful, even unhappy at what his father was doing to this own father. He was waiting and wanting to do something despite his young years, as if looking for an opportunity to take his revenge.

One day, Surya got a brainwave. He picked up the pot and threw it hard on the floor with the food in it. Then standing near the broken pieces, he started shouting at his grandfather. "Why have you done this? Why have you broken the pot? Now which pot shall I use to feed my father? I may not get another one like this. And he may not like to lose this one."

The child's words were not lost. The father got the message, loud and clear. He knew what Surya, his only son, thought and was planning to do. He could see the coming events and visualise what he ought to be doing. He was quick to make amends without any loss of time. And results followed almost immediately. The father's health began to improve. Good days seemed to be coming back. The family was happy again.

The story has a lesson, for all of us. Your son will do unto you as you do unto your parents. A man's deeds are like the waves of sound. These rebound to produce a melody or a jarring noise. The deeds are the seeds. Good deeds give good results. Bad deeds bring bad returns. Our deeds of today determine our fate for tomorrow. We reap only what we

sow.

We live in a vast world. But primarily, only two kinds of people live in it. Those who are good to their parents and those who are not. It is the later who need to look within and do some serious introspection. They are the ones who fight over food, money and property. Some of them can even be heard asking the father. "When will you go and leave me in peace?"

Painful to the parents. Isn't it?

Very often life gives a man more than what he deserves, Sometimes a person may be worth a billion. Yet he may be worthless. He may reach a high position, yet he may be very low. It is man's deeds that should really determine his station in life. He is just as good as his actions. The purse is no index of a person or his personality.

Today, man is driven by a desire to achieve, to fulfil his ambition. Thus, he is all the time trying to please everyone - colleagues, God, friends, even his foes. But an effort to please the whole world can only be a formula for failure. It can never guarantee happiness. Nor can it be a source of lasting joy. However, an attempt to please the parents can never go unrewarded. It is the key to happiness.

"Next to God, thy parents", says the poet, not without reason. The man who has brought me to this world is a reality. He is truly more than my God on earth. The mother who gives the child a part of her blood and flesh is not a mere person. She is much more - God's proxy on earth. The parents deserve all that any man can offer, his attention, his body, his head, heart, mind, money, time and patience, in the same measure as he got these when he was a tiny toddler.

Unfortunately, today the parents are mostly neglected. They are the victims of their own children. They suffer at the hands of their own dear and near ones. Passionate love for the parents is becoming a thing of the past. Property is getting precedence over parents. 'Sarwan' is a forgotten name, assigned to the archives. Why? A change of values? Effect of the modern system of education? Probably, a bit of both.

Man has already reached the moon, even Mars. But despite all the progress, the world that we live in is a callous, cold and cruel place. Here, the coin gets the greatest care. Certainly, more than a mere man. And wealth is valued more than virtue. We face degradation of values. Consequently, it is no surprise that evil, vice and wickedness prevail. In this environment of materialistic and worldly pursuits, man's love for the mother and morality are the first casualty and the last consideration.

Let us not forget that the chairs around a table usually come by rotation. The son of today shall be a father tomorrow. He shall get only what he gives. God is a good accountant, He does not make many mistakes. We need to remember that, all the time.

*Courtesy:* The Tribune

# ਸੁਰ ਲਿਪੀਆਂ


**ਭਾਈ ਹਰਿੰਦਰ ਪਾਲ ਸਿੰਘ (ਫਤਹਿਗੜ੍ਹ ਸਾਹਿਬ ਵਾਲੇ)**

ਐਲ. ਆਈ. ਜੀ. 3498, ਸੈਕਟਰ 70, ਮੁਹਾਲੀ


## ਰਾਗ ਨਟ-ਭੈਰਉ

**ਪਰੀਚੈ** : ਇਹ ਰਾਗ (ਨਟ ਅਤੇ ਭੈਰਉ) ਦੋ ਰਾਗਾਂ ਦੇ ਸ਼ੁਮੇਲ ਤੋਂ ਬਣਿਆ ਹੈ। ਪੂਰਵਾਂਗ ਨਟ ਹੈ ਤੇ ਉਤਰਾਂਗ ਭੈਰਉ ਹੈ। ਬੇਸ਼ਕ ਇਹ ਰਾਗ ਦੋ ਰਾਗਾਂ ਦਾ ਮਿਸ਼ਰਣ ਹੈ ਪ੍ਰੰਤੂ ਇਸਦੀ ਆਪਣੀ ਇੱਕ ਵੱਖਰੀ ਹੀ ਪਛਾਣ ਹੈ। ਇਸ ਦਾ ਥਾਟ ਭੈਰਉ ਹੈ। ਵਾਦੀ ਸੰਵਾਦੀ ਮ-ਸ ਹੈ, ਜਾਤੀ ਸੰਪੂਰਣ ਹੈ। ਇਸ ਰਾਗ ਵਿੱਚ ਧੁ (ਕੋਮਲ) ਤੇ ਰੇ ਸ਼ੁੱਧ ਲਗਦਾ ਹੈ। ਸ਼ੁੱਧ ਰੇ ਹੀ ਇਸਨੂੰ ਭੈਰਉ ਤੋਂ ਨਟ ਵਲ ਲੈ ਜਾਂਦਾ ਹੈ ਕੋਮਲ (ਧੁ) ਨਟ ਤੋਂ ਭੈਰਉ ਵਲ ਲੈ ਜਾਂਦਾ ਹੈ। ਦੋਵੇਂ ਸਵਰ ਨਟ-ਭੈਰਉ ਦੀ ਪਛਾਣ ਲਈ ਖਰੇ ਉਤਰਦੇ ਹਨ। ਗਾਇਨ ਸਮਾਂ ਭੈਰਉ ਵਾਂਗ ਸਵੇਰੇ ਦਾ ਹੀ ਹੈ।

**ਆਰੋਹ** : ਸ ਰੇ ਗ ਮ ਪ ਧੁ ਨੀ ਸੰ

**ਅਵਰੋਹ** : ਸੰ ਨੀ ਧੁ ਪ ਮ ਗ ਰੇ ਸ

**ਪਕੜ** : ਸ, ਗਮਪ, ਧੁ - ਨੀ, ਧੁਪ, ਮਪ ਗਮ ਗ ਰੇ ਸ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| X | | 0 | | 2 | | 0 | | 3 | | 4 | |
| ***ਸਥਾਈ (ਇੱਕ ਤਾਲ 12 ਮਾਤਰਾ)*** | | | | | | | | | | | |
| ਮਪ | ਧੁ | ਪ | ਮ | - | ਮ | ਪ | ਗ | ਮ | ਰੇ | ਸ | ਸ |
| ਖੂऽ | ऽ | ਬੁ | ਖੂ | ऽ | ਬੁ | ਖੂ | ऽ | ਬ | ਖੁ | ऽ | ਬੁ |
| ਧੁ | - | ਧੁ | ਨੀ | ਨੀ | ਸਰੇ | ਰੇ | - | - | ਸ | - | - |
| ਖੂ | ऽ | ਬੁ | ਤੇ | ऽ | ਰੋऽ | ਨਾ | ऽ | ऽ | ਮ | ऽ | ऽ |
| ਸ | - | ਸ | ਗ | ਮ | ਮ | ਧੁ | ਧੁ | ਨੀ | ਧੁ | ਪ | ਪ |
| ਝੂ | ऽ | ਠੁ | ਝੂ | ऽ | ਠੁ | ਝੂ | ऽ | ਠੁ | ਝੂ | ऽ | ਠੁ |
| ਸੰऽ | ਸੰ | ਸੰ | ਨੀਸੰ | ਰੇਂ | ਰੇਂ | ਸੰ | ਸੰ | ਨੀ | ਧੁ | ਪ | ਪ |
| ਦੁਨੀ | ऽ | ऽ | ऽऽ | ऽ | ਗੁ | ਮਾ | ऽ | ऽ | ਨ | ऽ | ऽ |
| *ਅੰਤਰਾ* | | | | | | | | | | | |
| ਮ | ਮ | ਮ | ਧੁ | ਧੁ | ਨੀ | ਸੰ | ਸੰ | ਨੀਸੰ | ਰੇਂ | ਸੰ | ਸੰ |
| ਨ | ਗ | ਜ | ਤੇ | ऽ | ਰੇ | ਬੰ | ऽ | ऽऽ | ਦੇ | ऽ | ਦੀ |
| ਧੁ | ਨੀ | ਸੰ | ਰੇਂ | ਗਂ | ਮਂ | ਰੇਂ | ਰੇਂ | ਰੇਂ | ਸੰ | ਸੰ | ਸੰ |
| ਦਾ | ऽ | ऽ | ਰ | ऽ | ਅ | ਪਾ | ऽ | ऽ | ਰ | ऽ | ऽ |
| ਸ | ਸ | ਸ | ਗ | ਮ | ਮ | ਧੁ | ਧੁ | ਨੀ | ਧੁ | ਪ | ਪ |
| ਨਾ | ऽ | ऽ | ਮ | ऽ | ਬਿ | ਨਾ | ऽ | ऽ | ਸ | ऽ | ਭ |
| ਸੰऽ | ਸੰ | ਸੰ | ਨੀਸੰ | ਰੇਂ | ਰੇਂ | ਸੰ | ਸੰ | ਨੀ | ਧੁ | ਪ | ਪ |
| ਦੁਨੀ | ऽ | ऽ | ਆऽ | ऽ | ऽ | ਛਾ | ऽ | ऽ | ਰੁ | ऽ | ऽ |
| X | | 0 | | 2 | | 0 | | 3 | | 4 | |

## ਰਾਗ ਬੈਰਾੜੀ

ਰੀਚੇ : ਬੈਰਾੜੀ ਮਾਰਵਾ ਥਾਟ ਦਾ ਰਾਗ ਹੈ। ਜਾਤੀ ਸੰਪੂਰਣ ਹੈ ਵਾਦ-ਸੰਵਾਦ ਗੰਧਾਰ-ਧੈਵਤ ਹੈ। ਮਾਰਵਾ ਅੰਗ ਨਾਲ ਗਾਇਆ ਜਾਂਦਾ ਹੈ। ਪੰਚਮ ਲ਼ਗਣ ਕਰਕੇ ਮਾਰਵੇ ਤੋਂ ਸੁਤੰਤਰ ਰਹਿੰਦਾ ਹੈ। ਸ-ਪ ਤੇ ਗ-ਪਾ ਸਵਰ ਸੰਗਤ ਮਹੱਤਵਪੂਰਨ ਹੈ। ਸੰਗੀਤ ਵਿਦਵਾਨਾਂ ਦਾ ਮਤ ਹੈ ਕਿ ਇਹ ਰਾਗ ਟੋਡੀ, ਤਰਵੇਣੀ, ਦੇਸ਼ਕਾਰ ਰਾਗਾਂ ਦੇ ਸੰਜੋਗ ਨਾਲ ਬਣਦਾ ਹੈ। ਕਈ ਵਿਦਵਾਨ ਕੋਮਲ ਧੈਵਤ ਲਾ ਕੇ ਇਸ ਨੂੰ ਪੂਰਵੀ ਥਾਟ ਦਾ ਮੰਨਦੇ ਹਨ। ਗੁਰਮਤਿ ਸੰਗੀਤ ਵਿੱਚ ਬੈਰਾੜੀ ਸ਼ੁੱਧ ਧੈਵਤ ਨਾਲ ਹੀ ਗਾਈ ਜਾਂਦੀ ਹੈ ਕਈ ਵਿਦਵਾਨਾਂ ਅਨੁਸਾਰ ਬੈਰਾੜੀ ਸਾਰੰਗ ਅਤੇ ਸ੍ਰੀ ਰਾਗ ਦੇ ਮੇਲ ਤੋਂ ਵੀ ਬਣਦੀ ਹੈ।

ਜਾਤੀ ਸੰਪੂਰਣ, ਵਾਦ-ਸੰਵਾਦ, ਗੰਧਾਰ-ਧੈਵਤ, ਗਾਇਨ ਸਮਾਂ ਸ਼ਾਮ (ਸੰਧਿਆ ਕਾਲ) (ਰੇ) ਕੋਮਲ ਤੇ (ਮੇ) ਤੀਵਰ ਬਾਕੀ ਸਾਰੇ ਸਵਰ ਸ਼ੁਧ ਹਨ।

**ਆਰੋਹ** : ਸ ਰੇ ਗ ਮੰ ਪ ਧ ਨੀ ਸਂ

**ਅਵਰੋਹ** : ਸਂ ਨੀ ਧ ਪ ਮੰ ਗ ਰੇ ਸ

**ਪਕੜ** : ਗ ਪ, ਗ ਧ ਮੰ ਗ, ਰੇ - ਸਾ

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ (ਤਿੰਨ ਤਾਲ)* | | | | | | | | ਪਧ | ਨੀਸਂ | ਨੀ | ਧ | ਪ | ਮੰ | ਗ | ਰੇ |
| | | | | | | | | ਮS | ਨS | ਮਿ | ਲ | ਸੰ | S | ਤ | ਜ |
| ਗ | ਗ | ਮੰ | ਗ | ਰੇ | ਰੇ | ਸS | ਸ | ਪ | ਪ | ਧ | ਗ | ਗ | ਧ | ਮੰ | ਗ |
| ਨਾ | S | ਜ | ਸ | ਗਾ | S | ਇਓ | S | ਹ | ਰਿ | ਹ | ਰਿ | ਰ | ਤ | ਨੁ | ਰ |
| ਗ | ਗ | ਮੰ | ਗ | ਰੇ | ਰੇ | ਸ | ਸ | ਪ | ਪ | ਧ | ਗ | ਗ | ਧ | ਮੰ | ਗ |
| ਤ | ਨ | ਹ | ਰ | ਨੀ | S | ਕੋ | S | ਹ | ਰਿ | ਹ | ਰਿ | ਰ | ਤ | ਨੁ | ਰ |
| ਗ | ਗ | ਮੰ | ਗ | ਰੇ | ਸ | ਸ | ਸ | ਸਂ | ਸਂ | ਨੀ | ਰੇਂ | ਰੇਂ | ਰੇਂ | ਸਂਨੀ | ਧਪ |
| ਤ | ਨ | ਹ | ਰ | ਨੀ | ਕੋ | ਗੁ | ਰ | ਸ | ਤਿ | ਗੁ | ਰ | ਦਾ | S | Sਨ | Sਦਿ |
| ਗਪ | ਧਨੀ | ਸਰੇਂ | ਸਂਨੀ | ਧਮੰ | ਗਰੇ | ਗਰੇ | ਸ | | | | | | | | |
| ਵਾS | SS | SS | SS | ਇਓ | SS | SS | S | | | | | | | | |
| *ਅੰਤਰਾ* | | | | | | | | ਗ | ਗ | ਗ | ਗ | ਮੰ | ਮੰ | ਧ | ਧ |
| | | | | | | | | ਤਿ | ਸ | ਜ | ਨ | ਕ | ੳ | ਮ | ਨ |
| ਧਨੀ | ਸਂ | ਨੀ | ਰੇਂ | ਰੇਂ | ਰੇਂ | ਸਂ | ਸਂ | ਨੀ | ਸਂ | ਰੇਂ | ਗਂ | ਰੇਂ | ਗਂ | ਰੇਂ | ਸਂ |
| ਤS | ਨ | ਸ | ਭ | ਦੇ | S | ਵ | ਉ | ਜਿ | ਨ | ਹ | ਰ | ਮੀ | S | ਤ | ਮਿ |
| ਸਂ | ਨੀ | ਧ | ਪ | ਗS | ਧ | ਮੰ | ਗ | ਪ | ਪ | ਧ | ਗ | ਗ | ਧ | ਮੰ | ਗ |
| ਲਾ | S | S | S | ਇਉ | S | S | S | ਜਿ | ਨ | ਹ | ਰ | ਮੀ | S | ਤ | ਮਿ |
| ਗ | ਗ | ਮੰ | ਗ | ਰੇS | ਰੇ | ਸ | ਸ | | | | | | | | |
| ਲਾ | S | S | S | ਇਓ | S | S | S | *ਸਥਾਈ ਗਾਓ* | | | | | | | |


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਅਤੇ ਸੀ.ਡੀ. ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ ਫੋਨ-772660
**E-mail:** drjagirsingh@rediffmail.com

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| **ਭੈਰਉ ਮਹਲਾ ੫॥** | **Bhairo 5th Guru.** | **ਭੈਰਉ ਪੰਜਵੀਂ ਪਾਤਸ਼ਾਹੀ।** |
| ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥ | Excellent, excellent, excellent, excellent, excellent is Thy Name. False, false, false, false, is the worldly love. | ਪਰਮ ਸ੍ਰੇਸ਼ਟ, ਪਰਮ ਸ੍ਰੇਸ਼ਟ, ਪਰਮ ਸ੍ਰੇਸ਼ਟ, ਪਰਮ ਸ੍ਰੇਸ਼ਟ, ਪਰਮ ਸ੍ਰੇਸ਼ਟ ਹੈ ਤੈਂਡਾ ਨਾਮ। ਕੂੜੀ, ਕੂੜੀ, ਕੂੜੀ, ਕੂੜੀ ਹੈ ਸੰਸਾਰੀ ਹੰਗਤਾ। |
| ਰਹਾਉ॥ | Pause. | ਠਹਿਰਾਉ। |
| ਨਗਜ ਤੇਰੇ ਬੰਦੇ ਦੀਦਾਰੁ ਅਪਾਰੁ॥ | Invaluable is the vision of Thine slaves, O Infinite Lord. | ਅਮੋਲਕ ਹੈ ਦਰਸ਼ਨ ਤੇਰੇ ਗੋਲਿਆਂ ਦਾ, ਹੇ ਬੇਅੰਤ ਸੁਆਮੀ। |
| ਨਾਮ ਬਿਨਾ ਸਭ ਦੁਨੀਆ ਛਾਰੁ॥੧॥ | Without the Name, the whole world is but ashes. | ਨਾਮ ਦੇ ਬਗ਼ੈਰ ਸਾਰਾ ਸੰਸਾਰ ਨਿਰਾ ਪੁਰਾ ਸੁਆਹ ਹੀ ਹੈ। |
| ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥ | Wondrous is Thy Omnipotence and praise-worthy are Thine feet. | ਅਸਚਰਜ ਹੈ ਤੇਰੀ ਅਪਾਰ ਸ਼ਕਤੀ ਅਤੇ ਸ਼ਲਾਘਾ ਯੋਗ ਹਨ ਤੇਰੇ ਪੈਰ। |
| ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ॥੨॥ | Priceless is Thy praise, O the True King. | ਅਣਮੁੱਲੀ ਹੈ ਤੈਂਡੀ ਸਿਫ਼ਤ ਸ਼ਲਾਘਾ, ਹੇ ਸਚੇ ਸੁਲਤਾਨ। |
| ਨੀਧਰਿਆ ਧਰ ਪਨਹ ਖੁਦਾਇ॥ | The Lord's Protection is the support of the supportless. | ਪ੍ਰਭੂ ਦੀ ਪਨਾਹ ਨਿਆਸਰਿਆਂ ਦਾ ਆਸਰਾ ਹੈ। |
| ਗਰੀਬ ਨਿਵਾਜੁ ਦਿਨੁ ਰੈਣਿ ਧਿਆਇ॥੩॥ | Day and night meditate thou on God, the Patroniser of the poor. | ਦਿਹੁੰ ਅਤੇ ਰਾਤ ਨੂੰ ਮਸਕੀਨਾਂ ਨੂੰ ਮਾਣ ਬਖ਼ਸ਼ਣਹਾਰ ਵਾਹਿਗੁਰੂ ਦਾ ਸਿਮਰਨ ਕਰ। |
| ਨਾਨਕ ਕਉ ਖੁਦਿ ਖਸਮ ਮਿਹਰਵਾਨ॥ | The Lord is Himself merciful unto Nanak. | ਸੁਆਮੀ ਆਪ ਨਾਨਕ ਉੱਤੇ ਦਇਆਵਾਨ ਹੈ। |
| ਅਲਹੁ ਨ ਵਿਸਰੈ ਦਿਲ ਜੀਅ ਪਰਾਨ॥੪॥੧੦॥ | May I not forget God, who is my mind, soul and very life. | ਰਬ ਕਰੇ ਮੈਨੂੰ ਵਾਹਿਗੁਰੂ ਨਾ ਭੁੱਲੇ, ਜੋ ਮੇਰਾ ਮਨ, ਆਤਮਾ ਅਤੇ ਜਿੰਦ-ਜਾਨ ਹੈ। |

❖ ❖ ❖

| | | |
|---|---|---|
| **ਬੈਰਾੜੀ ਮਹਲਾ ੪॥** | **Bairari 4th Guru.** | **ਬੈਰਾੜੀ ਚੌਥੀ ਪਾਤਸ਼ਾਹੀ।** |
| ਮਨ ਮਿਲਿ ਸੰਤ ਜਨਾ ਜਸੁ ਗਾਇਓ॥ ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ॥੧॥ | O man, they, who meeting with the holy men, sing the Lord's praise, they are blessed with the gift of the Lord God's jewel, the Lord's sublime jewel by the Guru, the True Guru. | ਹੇ ਬੰਦੇ! ਜੋ ਪਵਿਤਰ ਪੁਰਸ਼ ਨੂੰ ਮਿਲ ਕੇ ਪ੍ਰਭੂ ਦੀ ਕੀਰਤੀ ਗਾਉਂਦੇ ਹਨ, ਉਨ੍ਹਾਂ ਨੂੰ ਗੁਰੂ ਜੀ, ਸਚੇ ਗੁਰੂ ਜੀ, ਸੁਆਮੀ ਵਾਹਿਗੁਰੂ ਦੇ ਹੀਰੇ, ਸੁਆਮੀ ਦੇ ਸ਼੍ਰੇਸ਼ਟ ਹੀਰੇ ਦੀ ਦਾਤ ਪਰਦਾਨ ਕਰਦੇ ਹਨ। |

| | | |
|---|---|---|
| ਰਹਾਉ॥ | Pause. | ਠਹਿਰਾਉ। |
| ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ॥ | Offer I my soul, body and everything to the man, who recites to me the Lord Master's Name. | ਮੈਂ ਆਪਣੀ ਆਤਮਾ, ਦੇਹ ਤੇ ਸਾਰਾ ਕੁਛ ਉਸ ਜਣੇ ਨੂੰ ਭੇਟਾ ਕਰਦਾ ਹਾਂ, ਜੋ ਮੈਨੂੰ ਸੁਆਮੀ ਮਾਲਕ ਦਾ ਨਾਮ ਸੁਣਾਉਂਦਾ ਹੈ। |
| ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ॥੧॥ | Surrender I my wealth, riches and property to him, who may unite me with God, my Friend. | ਮੈਂ ਆਪਣੀ ਦੌਲਤ, ਮਾਲ ਮਿਲਖ ਅਤੇ ਜਾਇਦਾਦ ਉਸ ਨੂੰ ਸਮਰਪਨ ਕਰਦਾ ਹਾਂ, ਜੋ ਮੈਨੂੰ ਮੇਰੇ ਮਿਤ੍ਰ ਹਰੀ ਨਾਲ ਮਿਲਾ ਦੇਵੇ। |
| ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ॥ | When the World -Lord showed me a little mercy, even for a moment, then dwelt I on my God, the Lord Master's praise. | ਜਦ ਸ੍ਰਿਸ਼ਟੀ ਦੇ ਸੁਆਮੀ ਨੇ ਮੇਰੇ ਉਤੇ ਇੱਕ ਮੁਹਤ ਭਰ ਲਈ ਭੀ, ਥੋੜੀ ਜੇਹੀ ਮਿਹਰ ਧਾਰੀ, ਤਦ ਮੈਂ ਆਪਣੇ ਵਾਹਿਗੁਰੂ ਸੁਆਮੀ ਮਾਲਕ ਦੀ ਕੀਰਤੀ ਵਲ ਧਿਆਨ ਕੀਤਾ। |
| ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ॥੨॥੨॥ | The Lord Master has met slave Nanak and his pain of the ailment of ego is eliminated. | ਪ੍ਰਭੂ ਪਰਮੇਸ਼ਰ ਗੁਮਾਸ਼ਤੇ ਨਾਨਕ ਨੂੰ ਮਿਲ ਪਿਆ ਹੈ ਅਤੇ ਉਸ ਦੀ ਹੰਕਾਰ ਦੀ ਬੀਮਾਰੀ ਦੀ ਪੀੜ ਜਾਂਦੀ ਰਹੀ ਹੈ। |




***Dear Associate, Donor, Wellwisher***

***Congratulations!***

**MORNI HILLS (DISTT. PANCHKULA) IS CATARACT FREE ZONE**

*Thanks to the Almighty, Our Associates, Donors & Well Wishers for the kindness which ensured Morni Hills (Distt. Panchkula). Cataract Free Zone before target date 31.03.2001*

**ABOVE COULD BE ACHIEVED DUE TO YOUR GUIDANCE & CONTINUED SUPPORT.**

*Thanks*
*Please Keep it up*

*K.S. CHUGH* *H.B. SINGH CHOPRA* *D.S. ARORA* *JASBEER K. GHUGH*

*Let us be in the service of Humanity*

- Donate Eyes
- De-Addiction
- Help Sick
- Vocational Training
- Help Handicapped
- Donate Blood
- Aids Awareness
- Help Aged
- Promote Education
- Women Upliftment

**Sewaks' Charitable Trust (Regd.)**

HELP NEEDY

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

Postal Regd. No. PB / 0124 / 2001 RNI Regd. No. 46788/89 ISSN 0972-2335

# ਗਾਇਨ ਬੰਦਸ਼ਾਵਲੀ

## ਡਾ. ਗੁਰਨਾਮ ਸਿੰਘ

ਹਿੰਦੁਸਤਾਨੀ ਸੰਗੀਤ ਵਿੱਚ ਪੰਜਾਬ ਦੀ ਸੰਗੀਤ ਪਰੰਪਰਾ ਦਾ ਅਹਿਮ ਤੇ ਵਡੇਰਾ ਸਥਾਨ ਹੈ। ਇਸ ਧਰਤ 'ਚੋਂ ਉਪਜੇ ਸੰਗੀਤ ਅਤੇ ਸੰਗੀਤਕਾਰਾਂ ਨੇ ਆਪਣੇ ਵਿਲੱਖਣ ਯੋਗਦਾਨ ਦੁਆਰਾ ਹਿੰਦੁਸਤਾਨੀ ਸੰਗੀਤ ਨੂੰ ਭਰਪੂਰ ਅਮੀਰੀ ਪ੍ਰਦਾਨ ਕੀਤੀ ਹੈ।

ਪੰਜਾਬ ਦੀ ਅਨਮੋਲ ਸੰਗੀਤ ਵਿਰਾਸਤ ਦੇ ਅਗਲੇਰੇ ਅਧਿਐਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਸਦੀ ਸੁਰੱਖਿਆ ਸੰਭਾਲ ਦੇ ਆਸ਼ੇ ਨਾਲ ਇਸ ਪੁਸਤਕ ਵਿੱਚ ਜਿੱਥੇ ਪੰਜਾਬ ਦੇ ਸੰਗੀਤ ਘਰਾਣਿਆਂ ਵਿੱਚ ਪ੍ਰਚਲਿਤ ਉਸਤਾਦ ਸੰਗੀਤਕਾਰਾਂ ਦੀਆਂ ਪ੍ਰਮਾਣਿਕ ਪਰੰਪਰਾਗਤ ਬੰਦਸ਼ਾਂ ਹਨ ਉੱਥੇ ਸੰਗੀਤ ਦੇ ਉਸਤਾਦ-ਅਧਿਆਪਕਾਂ ਦੇ ਵਰ੍ਹਿਆਂ ਦੇ ਨਿਰੰਤਰ ਅਧਿਐਨ, ਅਭਿਆਸ ਤੇ ਸਿਖਲਾਈ ਕਾਰਜ ਦੇ ਮੰਥਨ 'ਚੋਂ ਉਪਜੀਆਂ ਮੌਲਿਕ ਬੰਦਸ਼ਾਂ ਵੀ ਪ੍ਰਸਤੁਤ ਕੀਤੀਆਂ ਗਈਆਂ ਹਨ।

1. ਪਟਿਆਲਾ ਘਰਾਣਾ ਨਾਲ ਸਬੰਧਿਤ ਬੰਦਸ਼ਾਂ
2. ਸੁਆਮੀ ਹਰਿਵੱਲਭ
3. ਨਾਥ ਜੀ ਬਟਾਲੇ ਵਾਲੇ
4. ਹਕੀਮ ਚਾਨਣ ਰਾਮ 'ਚਰਨ ਪੀਆ'
5. ਪੰਡਤ ਗਿਰਧਾਰੀ ਲਾਲ 'ਸ਼ੁਕਲਾ'
6. ਉਸਤਾਦ ਲਛਮਣ ਸਿੰਘ ਸੀਨ
7. ਉਸਤਾਦ ਸੋਹਣ ਸਿੰਘ
8. ਪ੍ਰੋ. ਤਾਰਾ ਸਿੰਘ
9. ਪ੍ਰਿੰ. ਸ਼ਮਸ਼ੇਰ ਸਿੰਘ
10. ਪੰ. ਜਵਾਹਰ ਲਾਲ
11. ਪ੍ਰੋ. ਓ. ਪੀ. ਮੰਗੋਤਰਾ
12. ਡਾ. ਦਰਸ਼ਨ ਸਿੰਘ ਨਰੂਲਾ
13. ਸ੍ਰ. ਗੁਰਪ੍ਰਤਾਪ ਸਿੰਘ ਗਿੱਲ
14. ਪ੍ਰੋ. ਜਗਜੀਤ ਵਾਲੀਆ
15. ਪ੍ਰਿੰ. ਸੁਰਿੰਦਰ ਕਪਿਲਾ
16. ਮਾਸਟਰ ਚਰਨ ਦਾਸ
17. ਉਸਤਾਦ ਰਹੀਮ ਬਖਸ਼
18. ਭਾਈ ਧਰਮ ਚੰਦ ਪ੍ਰਤਾਪ
19. ਭਾਈ ਉੱਤਮ ਸਿੰਘ
20. ਸ੍ਰੀ ਕਰਮਚੰਦ ਚੱਕਰਵਰਤੀ
21. ਸ੍ਰੀ ਰਾਮ ਪ੍ਰਕਾਸ਼
22. ਪੰ. ਅਮੀ ਚੰਦ
23. ਭਾਈ ਪ੍ਰਤਾਪ ਸਿੰਘ
24. ਪੰ. ਸੋਮ ਰਾਜ ਪਟਿਆਲੇ ਵਾਲੇ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮੁੱਲ : 200 ਰੁ: